ਜੈ ਕਬੀਰ ! ਧੰਨ ਕਬੀਰ !



# ਕ੍ਰਾਂਤੀਕਾਰੀ ਬਾਣੀਕਾਰ
# ਸਤਿਗੁਰੂ ਕਬੀਰ ਸਾਹਿਬ

Print Code : KBSKS/05/24/14

(ਚੋਣਵੇਂ 21 ਸ਼ਬਦ ਟੀਕਾ ਸਹਿਤ)

(ਰਜਿ. ਨੰ. 179-2006-07)

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

www.begumpuramission.com

ਜੈ ਕਬੀਰ ! ਧੰਨ ਕਬੀਰ !

# ਕ੍ਰਾਂਤੀਕਾਰੀ ਬਾਣੀਕਾਰ ਸਤਿਗੁਰੂ ਕਬੀਰ ਸਾਹਿਬ

## (ਚੋਣਵੇਂ 21 ਸ਼ਬਦ ਟੀਕਾ ਸਹਿਤ)

ਪ੍ਰਕਾਸ਼ਕ :
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**
ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144201

# KARANTIKARI BANIKAR SATGURU KABIR SAHIB

**{Chonve 21 Shabad Teeka Sahit}**

**Print Code : KBSKS/06/24/14**

**Charanjit Singh Binpalke**

ਦੂਜੀ ਵਾਰ : 01 ਜੂਨ, 2024 (ਗਿਣਤੀ 1000)

ਭੇਟਾ : 50 ਰੁਪਏ

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)
ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ-144201
ਮੋਬਾਇਲ - 98722-42944, 98725-88620
**PDF AVAILABE ON**
**www.begumpuramission.com**

ਛਾਪਕ :
ਵਾਲੀਆ ਇੰਟਰਪ੍ਰਾਈਜ਼ਿਜ਼
98153-78692

# ਤਤਕਰਾ


| ਨੰ. | ਵੇਰਵਾ | ਪੰਨਾ |
|---|---|---|
| * | **ਸਤਿਗੁਰੂ ਕਬੀਰ ਸਾਹਿਬ ਜੀ ਦੀ ਬਾਣੀ ਦੇ ਪ੍ਰਚਾਰ ਵਿਚ ਸਹਿਯੋਗ ਲਈ ਡਾ. ਮਾਲੀ ਜੀ ਦਾ ਧੰਨਵਾਦ** | 5 |
| * | **ਦੋ ਸ਼ਬਦ** | 6 |
| * | **ਸਤਿਗੁਰੂ ਕਬੀਰ ਸਾਹਿਬ ਦਾ ਜੀਵਨ ਅਤੇ ਉਨ੍ਹਾਂ ਦੇ ਗੁਰੂ** | 7 |
| 1. | ਨਗਨ ਫਿਰਤ ਜੌ ਪਾਈਐ ਜੋਗੁ॥ | 10 |
| 2. | ਗਰਭ ਵਾਸ ਮਹਿ ਕੁਲੁ ਨਹੀ ਜਾਤੀ॥ | 12 |
| 3. | ਜੋ ਜਨ ਪਰਮਿਤਿ ਪਰਮਨੁ ਜਾਨਾ॥ | 13 |
| 4. | ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥ | 15 |
| 5. | ਓਇ ਜੁ ਦੀਸਹਿ ਅੰਬਰਿ ਤਾਰੇ॥ | 17 |
| 6. | ਬੇਦ ਕੀ ਪੁਤ੍ਰੀ ਸਿੰਮ੍ਰਿਤ ਭਾਈ॥ | 19 |
| 7. | ਜਲਿ ਹੈ ਸੂਤਕੁ ਥਲਿ ਹੈ ਸੂਤਕੁ | 20 |
| 8. | ਦੇਖੌ ਭਾਈ ਗ੍ਯ੍ਯਾਨ ਕੀ ਆਈ ਆਂਧੀ॥ | 23 |
| 9. | ਜੀਵਤ ਪਿਤਰ ਨ ਮਾਨੈ ਕੋਊ | 25 |
| 10. | ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥ | 28 |
| 11. | ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥ | 30 |
| 12. | ਅੰਤਰਿ ਮੈਲੁ ਜੇ ਤੀਰਥ ਨਾਵੈ | 32 |
| 13. | ਤੂੰ ਮੇਰੋ ਮੇਰੁ ਪਰਬਤੁ ਸੁਆਮੀ | 35 |
| 14. | ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ | 38 |

15. ਮਨੁ ਕਰਿ ਮਕਾ ਕਿਬਲਾ ਕਰਿ ਦੇਹੀ॥ 40
16. ਮਾਥੇ ਤਿਲਕੁ ਹਥਿ ਮਾਲਾ ਬਾਨਾਂ॥ 42
17. ਉਲਟਿ ਜਾਤਿ ਕੁਲ ਦੋਊ ਬਿਸਾਰੀ॥ 44
18. ਮਾਤਾ ਜੂਠੀ ਪਿਤਾ ਭੀ ਜੂਠਾ 45
19. ਅਲਹੁ ਏਕੁ ਮਸੀਤਿ ਬਸਤੁ ਹੈ 48
20. ਅਵਲਿ ਅਲਹ ਨੂਰੁ ਉਪਾਇਆ 51
21. ਸੁੰਨ ਸੰਧਿਆ ਤੇਰੀ ਦੇਵ ਦੇਵਾਕਰ 54
22. ਸੰਸਥਾ ਨੂੰ ਸਹਿਯੋਗ ਦੀ ਬੇਨਤੀ 56



# ਸਤਿਗੁਰੂ ਕਬੀਰ ਸਾਹਿਬ ਜੀ ਦੀ ਬਾਣੀ ਦੇ ਪ੍ਰਚਾਰ ਵਿਚ ਸਹਿਯੋਗ ਲਈ ਡਾ. ਮਾਲੀ ਜੀ ਦਾ ਧੰਨਵਾਦ

ਸਤਿਗੁਰੂ ਕਬੀਰ ਸਾਹਿਬ ਜੀ ਦੀ ਕ੍ਰਾਂਤੀਕਾਰੀ ਬਾਣੀ ਅਤੇ ਵਿਆਖਿਆ ਦੇ ਇਸ ਗੁਟਕਾ ਸਾਹਿਬ ਦੇ ਪ੍ਰਕਾਸ਼ਨ ਅਤੇ ਪ੍ਰਚਾਰ ਵਿੱਚ ਜਲੰਧਰ ਦੇ ਉੱਘੇ ਸਮਾਜ ਸੇਵੀ ਡਾ. ਸ਼ਿਵ ਦਿਆਲ ਮਾਲੀ ਜੀ ਨੇ ਆਪਣਾ ਵਡਮੁੱਲਾ ਆਰਥਿਕ ਯੋਗਦਾਨ ਪਾਇਆ ਹੈ।

ਡਾ. ਮਾਲੀ ਜੀ ਦਾ ਇਹ ਉਦਮ ਬਹੁਤ ਸ਼ਲਾਘਾਯੋਗ ਹੈ ਜੋ ਸਤਿਗੁਰੂ ਕਬੀਰ ਸਾਹਿਬ ਜੀ ਦੀ ਮਿਸ਼ਨ ਪ੍ਰਤੀ ਸੱਚਾ ਪ੍ਰੇਮ, ਸਤਿਕਾਰ ਅਤੇ ਸ਼ਰਧਾ ਪ੍ਰਗਟਾਵਾ ਕਰਦਾ ਹੈ। ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਡਾ. ਮਾਲੀ ਜੀ ਦੇ ਇਸ ਉੱਦਮ ਲਈ ਉਹਨਾਂ ਦਾ ਕੋਟਨ-ਕੋਟਿ ਧੰਨਵਾਦ ਕਰਦੀ ਹੈ। ਡਾ. ਮਾਲੀ ਵੱਲੋਂ ਸਤਿਗੁਰੂ ਕਬੀਰ ਪੰਥ ਦੇ ਸਮੂਹ ਅਨੁਯਾਈਆਂ ਨੂੰ ਇਹ ਬੇਨਤੀ ਵੀ ਕੀਤੀ ਗਈ ਹੈ ਕਿ ਗੁਰਬਾਣੀ ਦੇ ਇਸ ਪ੍ਰਚਾਰ ਮੁਹਿੰਮ ਵਿੱਚ ਸਾਰਿਆਂ ਨੂੰ ਵੱਧ ਤੋਂ ਵੱਧ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਕਿ ਸਤਿਗੁਰੂ ਕਬੀਰ ਜੀ ਦੀ ਕ੍ਰਾਂਤੀਕਾਰੀ ਬਾਣੀ ਅਤੇ ਵਿਚਾਰਧਾਰਾ ਦਾ ਸੰਦੇਸ਼ ਜਨ-ਜਨ ਤੱਕ ਪਹੁੰਚਾਇਆ ਜਾ ਸਕੇ।

**ਮਨਜੀਤ ਸਿੰਘ ਚੁਖਿਆਰਾ**

**ਪ੍ਰਧਾਨ**

**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**

# ਦੋ ਸ਼ਬਦ

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਪਿੰਡ ਬਿਨਪਾਲਕੇ ਜ਼ਿਲ੍ਹਾ ਜਲੰਧਰ ਵਲੋਂ ਸਤਿਗੁਰੂ ਕਬੀਰ ਸਾਹਿਬ ਦੇ 626ਵੇਂ ਪ੍ਰਕਾਸ਼ ਦਿਹਾੜੇ ਮਿਤੀ 22 ਜੂਨ 2024 ਨੂੰ ਸਮਰਪਿਤ ਉਨ੍ਹਾਂ ਦੀ "ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਦਰਜ ਪਾਵਨ ਬਾਣੀ ਦਾ ਗੁਟਕਾ ਸਾਹਿਬ "ਕ੍ਰਾਂਤੀਕਾਰੀ ਬਾਣੀਕਾਰ ਸਤਿਗੁਰੂ ਕਬੀਰ ਸਾਹਿਬ (ਚੋਣਵੇਂ 21 ਸ਼ਬਦ ਟੀਕਾ ਸਹਿਤ)" ਪ੍ਰਕਾਸ਼ਿਤ ਕੀਤਾ ਹੈ। ਇਸ ਉੱਦਮ ਲਈ ਸੰਸਥਾ ਵਧਾਈ ਦੀ ਪਾਤਰ ਹੈ। ਸਤਿਗੁਰੂ ਕਬੀਰ ਸਾਹਿਬ ਜੀ ਦੀ ਅਗੰਮੀ, ਅਦੁੱਤੀ, ਪਾਵਨ ਮਹਾਨ ਬਾਣੀ ਮਨੁੱਖਤਾ ਲਈ ਗਿਆਨ ਅਤੇ ਅਧਿਆਤਮਿਕਤਾ ਦਾ ਬਹੁਤ ਵਡਮੁੱਲਾ ਖਜ਼ਾਨਾ ਹੈ। ਇਸ ਨੂੰ ਪੜ੍ਹਨ, ਸੁਣਨ ਜਾਂ ਗਾਉਣ ਤੱਕ ਹੀ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਤੋਂ ਸਾਨੂੰ ਅਗਵਾਈ ਲੈਣੀ ਚਾਹੀਦੀ ਹੈ। ਸਤਿਗੁਰੂ ਕਬੀਰ ਜੀ ਦਾ ਫੁਰਮਾਨ ਹੈ **"ਲੋਗ ਜਾਨਹਿ ਇਹ ਗੀਤ ਹੈ ਇਹ ਤਉ ਬ੍ਰਹਮ ਬੀਚਾਰ"** ਬ੍ਰਹਮ ਬੀਚਾਰ ਤੋਂ ਭਾਵ ਪ੍ਰਮਾਤਮਾ ਦੇ ਗੁਣਾਂ ਦੀ ਵਿਚਾਰ ਕਰਨਾ। ਸਤਿਗੁਰੂ ਕਬੀਰ ਜੀ ਦੀ ਬਾਣੀ ਤੋਂ ਸਾਨੂੰ ਨਿਮਰਤਾ, ਸਤਿਕਾਰ, ਦਇਆ, ਤਰਸ, ਪਿਆਰ, ਸੰਘਰਸ਼, ਬਲੀਦਾਨ ਦਾ ਉਪਦੇਸ਼ ਪ੍ਰਾਪਤ ਹੁੰਦਾ ਹੈ। ਆਪਣੇ ਫਰਜ਼ਾਂ ਤੇ ਹੱਕਾਂ ਪ੍ਰਤੀ ਜਾਗਰੂਕਤਾ, ਨਿਰਭਓ ਤੇ ਨਿਰਵੈਰ ਰਹਿਣਾ, ਮਿਹਨਤ ਅਤੇ ਸੱਚੀ ਕਿਰਤ ਕਰਨ ਦੀ ਸੇਧ ਮਿਲਦੀ ਹੈ। ਇਸ ਪਾਵਨ ਗੁਟਕਾ ਸਹਿਬ ਨੂੰ ਪੜ੍ਹ ਕੇ ਪਾਠਕਾਂ ਦੇ ਬਹੁਤ ਸਾਰੇ ਸ਼ੰਕਿਆਂ ਦੀ ਨਵਿਰਤੀ ਵੀ ਹੋਵੇਗੀ ਅਤੇ ਉਨ੍ਹਾਂ ਨੂੰ ਸਤਿਗੁਰੂ ਕਬੀਰ ਸਾਹਿਬ ਜੀ ਦੀ ਬਾਕੀ ਬਾਣੀ ਪੜ੍ਹਨ ਦੀ ਪ੍ਰੇਰਨਾ ਮਿਲੇਗੀ। ਸਾਰਿਆਂ ਨੂੰ ਇਸ ਤੋਂ ਲਾਹਾ ਲੈਣ ਦੀ ਲੋੜ ਹੈ।

**ਮਨਜੀਤ ਸਿੰਘ ਚੁਖਿਆਰਾ,**

**ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)**

**ਮੁੱਖ ਦਫਤਰ: ਪਿੰਡ ਬਿਨਪਾਲਕੇ (ਜ਼ਿਲ੍ਹਾ ਜਲੰਧਰ)**

**94178-91666**

# ਸਤਿਗੁਰੂ ਕਬੀਰ ਸਾਹਿਬ ਦਾ ਜੀਵਨ ਅਤੇ ਉਨ੍ਹਾਂ ਦੇ ਗੁਰੂ

ਸਭ ਤੋਂ ਪਹਿਲਾਂ ਸਾਰੀਆਂ ਸੰਗਤਾਂ ਨੂੰ ਕ੍ਰਾਂਤੀਕਾਰੀ ਬਾਣੀ ਦੇ ਮਹਾਨ ਰਚੇਤਾ, ਇਨਕਲਾਬੀ ਰਹਿਬਰ ਸਤਿਗੁਰੂ ਕਬੀਰ ਜੀ ਦੇ 626ਵੇਂ ਪ੍ਰਕਾਸ਼ ਪੁਰਬ ਮਿਤੀ 22 ਜੂਨ 2024 ਦੀਆਂ ਲੱਖ-ਲੱਖ ਵਧਾਈਆਂ।

(ਸਤਿਗੁਰੂ) ਕਬੀਰ ਸ਼ਬਦ ਆਪਣੇ ਆਪ ਵਿਚ ਬਹੁਤ ਉੱਚੇ ਅਤੇ ਪਾਕਿ ਪਵਿੱਤਰ ਅਰਥ ਸਮੋਈ ਬੈਠਾ ਹੈ। ਇਸ ਪਾਵਨ ਸ਼ਬਦ ਦੇ ਅਰਥ ਹਨ ਈਸ਼ਵਰ, ਮਹਾਨ, ਵੱਡਾ ਆਦਿ। ਜਿਹੋ ਜਿਹੇ ਇਸ ਸ਼ਬਦ ਦੇ ਅਰਥ ਹਨ ਉਹੋ ਜਿਹੇ ਕਾਰਜ ਸਤਿਗੁਰੂ ਕਬੀਰ ਸਾਹਿਬ ਨੇ ਇਸ ਸੰਸਾਰ 'ਤੇ ਆ ਕੇ ਕਰ ਵਿਖਾਏ। ਇਸ ਮਹਾਨ ਰਹਿਬਰ ਨੇ ਇਸ ਸੰਸਾਰ ਵਿਚ ਚੱਲ ਰਹੇ ਆਪਸੀ ਨਫਰਤ, ਈਰਖਾ, ਜਾਤ-ਪਾਤ ਦੂਈ-ਦਵੈਤ ਅਤੇ ਗੈਰ-ਮਾਨਵੀ ਰੂੜ੍ਹੀਵਾਦੀ, ਪਾਖੰਡਵਾਦੀ, ਅੰਧਵਿਸ਼ਵਾਸ਼ੀ, ਫਲਸਫੇ ਨੂੰ ਰੱਦ ਕਰਕੇ ਸਾਂਝੀਵਾਲਤਾ, ਸਮਾਨਤਾ, ਸੁਤੰਤਰਤਾ, ਅਤੇ ਵਿਗਿਆਨਿਕ ਪਹੁੰਚ ਵਾਲੀ ਕ੍ਰਾਂਤੀਕਾਰੀ ਵਿਚਾਰਧਾਰਾ ਪ੍ਰਦਾਨ ਕੀਤੀ। ਸਤਿਗੁਰੂ ਕਬੀਰ ਮਹਾਰਾਜ ਜੀ ਦਾ ਆਗਮਨ ਜੇਠ ਸੁਦੀ 15, ਬਿਕ੍ਰਮੀ ਸੰਮਤ 1455 ਅਰਥਾਤ 1398 ਈ: ਨੂੰ ਬਨਾਰਸ ਉੱਤਰ ਪ੍ਰਦੇਸ਼ ਦੀ ਪਾਵਨ ਧਰਤੀ ਉੱਤੇ ਹੋਇਆ। ਆਪ ਜੀ ਦੇ ਪਿਤਾ ਸਤਿਕਾਰਯੋਗ ਬਾਬਾ ਸ੍ਰੀ ਨੀਰੂ ਜੀ ਅਤੇ ਮਾਤਾ ਸਤਿਕਾਰਯੋਗ ਨੀਮਾ ਜੀ ਸਨ। ਕਿਉਂ ਕਿ ਸਤਿਗੁਰੂ ਕਬੀਰ ਸਾਹਿਬ ਦੇ ਮਾਤਾ-ਪਿਤਾ ਵਰਣ ਵੰਡ ਅਨੁਸਾਰ ਅਖੌਤੀ ਨੀਂਵੀ ਜੁਲਾਹਾ ਜਾਤ ਨਾਲ ਸਬੰਧਿਤ ਸਨ ਇਸ ਕਰਕੇ ਜਦੋਂ ਆਪ ਜੀ ਦਾ ਨਾਮ "ਕਬੀਰ" ਰੱਖਿਆ ਗਿਆ ਤਾਂ ਉੱਚ ਜਾਤੀ ਕਾਜੀ, ਮੁੱਲਾਂ ਨੇ ਇਸ ਦਾ ਵਿਰੋਧ ਕੀਤਾ ਕਿ ਇਕ ਜੁਲਾਹਾ ਜਾਤੀ ਦੇ ਬੱਚੇ ਦਾ ਨਾਮ ਕਬੀਰ ਨਹੀਂ ਰੱਖਿਆ ਜਾ ਸਕਦਾ ਪਰ ਬਾਬਾ ਨੀਰੂ ਅਤੇ ਮਾਤਾ ਸ੍ਰੀਮਤੀ ਨੀਮਾ ਜੀ ਆਪਣੇ ਫੈਸਲੇ ਤੇ ਦ੍ਰਿੜ੍ਹ ਰਹੇ। ਇਸ ਤਰ੍ਹਾਂ ਊਚ-ਨੀਚ, ਜਾਤ-ਪਾਤ ਵਿਰੁੱਧ ਬਗਾਵਤ ਤਾਂ ਸਤਿਗੁਰੂ ਕਬੀਰ ਜੀ ਦੇ ਜਨਮ ਤੋਂ ਹੀ ਸ਼ੁਰੂ ਹੋ ਗਈ ਸੀ। ਪਿਤਾ ਬਾਬਾ ਨੀਰੂ ਜੀ ਦੇ ਬਜ਼ੁਰਗ ਪਹਿਲਾਂ ਹਿੰਦੂ ਜੁਲਾਹੇ ਪਰਿਵਾਰ ਨਾਲ ਸਬੰਧਿਤ ਸਨ ਪਰ ਬਾਅਦ ਵਿਚ ਉਨ੍ਹਾਂ ਨੇ ਇਸਲਾਮ ਧਰਮ

ਗ੍ਰਹਿਣ ਕਰ ਲਿਆ, ਪ੍ਰੰਤੂ ਬਾਬਾ ਨੀਰੂ ਜੀ ਦੇ ਸੰਸਕਾਰ ਅਜੇ ਹਿੰਦੂ-ਇਸਲਾਮ ਧਰਮ ਦੇ ਮਿਲੇ-ਜੁਲੇ ਸੰਸਕਾਰ ਸਨ। ਮਾਤਾ ਨੀਮਾ ਜੀ ਪ੍ਰਪੱਕ ਮੁਸਲਿਮ ਪਰਿਵਾਰ ਵਿਚੋਂ ਆਏ ਸਨ ਇਸ ਕਰਕੇ ਉਹ ਇਸਲਾਮ ਦੇ ਨੇਮਾਂ ਨੂੰ ਤਰਜੀਹ ਦਿੰਦੇ ਸਨ। ਸੋ ਇਸ ਤਰ੍ਹਾਂ ਸਤਿਗੁਰੂ ਕਬੀਰ ਜੀ ਦਾ ਪਾਲਣ-ਪੋਸ਼ਣ ਹਿੰਦੂ-ਇਸਲਾਮੀ ਸੰਸਕਾਰਾਂ ਨਾਲ ਹੋਇਆ।

ਹਿੰਦੋਸਤਾਨੀ ਜਾਤੀ ਵਾਦੀ ਪ੍ਰਣਾਲੀ ਦੇ ਪ੍ਰਭਾਵ ਕਾਰਨ ਸਤਿਗੁਰੂ ਕਬੀਰ ਜੀ ਨੂੰ ਕਾਜ਼ੀਆਂ ਤੇ ਪੰਡਿਤਾਂ ਨੇ ਪੜ੍ਹਾਉਣ ਤੋਂ ਇਨਕਾਰ ਕਰ ਦਿੱਤਾ। ਸਤਿਗੁਰੂ ਕਬੀਰ ਜੀ ਤਾਂ ਧੁਰ ਤੋਂ ਆਤਮਿਕ ਗਿਆਨ ਲੈ ਕੇ ਆਏ ਸਨ। ਸਮੇਂ ਦੀ ਵਰਣ ਵਿਵਸਥਾ ਅਤੇ ਪੱਖਪਾਤੀ ਧਾਰਮਿਕ ਅਤੇ ਸਮਾਜਿਕ ਤੰਤਰ ਨੇ ਸਤਿਗੁਰੂ ਕਬੀਰ ਜੀ ਨੂੰ ਕਿਤਾਬੀ ਗਿਆਨ ਹਾਸਲ ਕਰਨ ਵਿਚ ਰੁਕਾਵਟਾਂ ਪੈਦਾ ਕੀਤੀਆਂ। ਪਰ ਸਤਿਗੁਰੂ ਜੀ ਵੱਲੋਂ ਕੁਦਰਤੀ ਵਰਤਾਰਿਆਂ ਦਾ ਅਧਿਐਨ ਅਤੇ ਉੱਚਤਮ ਆਤਿਮਕ ਗਿਆਨ ਸਦਕਾ ਵੱਡੇ-ਵੱਡੇ ਪੰਡਿਤ, ਮੁੱਲਾਂ, ਕਾਜ਼ੀ ਉਨ੍ਹਾਂ ਅੱਗੇ ਗੋਡੇ ਟੇਕ ਗਏ। ਉਨ੍ਹਾਂ ਨੇ ਆਪਣੀ ਪਾਵਨ ਬਾਣੀ ਵਿਚ ਇਨ੍ਹਾਂ ਅਖੌਤੀ ਧਰਮ ਦੇ ਠੇਕੇਦਾਰਾਂ ਨੂੰ ਬੁੱਧੀਵਾਦੀ ਅਤੇ ਤਰਕ ਭਰਪੂਰ ਗਿਆਨ ਪ੍ਰਦਾਨ ਕੀਤਾ।

ਸਤਿਗੁਰੂ ਕਬੀਰ ਜੀ ਦੇ ਵਾਰਾਣਸੀ ਉੱਤਰ ਪ੍ਰਦੇਸ਼ ਵਿਚ ਪਾਵਨ ਅਸਥਾਨਾਂ ਵਿਚੋਂ ਦੋ ਪ੍ਰਮੁੱਖ ਅਸਥਾਨ ਹਨ। ਪਹਿਲਾ ਸਤਿਗੁਰੂ ਕਬੀਰ ਮੱਠ, ਕਬੀਰ ਚੌਰਾ ਜਿਥੇ ਸਤਿਗੁਰੂ ਕਬੀਰ ਜੀ ਦੇ ਮਾਤਾ ਪਿਤਾ ਜੀ ਦੀ ਸਮਾਧ ਹੈ ਅਤੇ ਇਥੇ 600 ਸਾਲ ਪੁਰਾਣੀ ਖੂਹੀ ਹੈ ਜਿਸ ਦਾ ਪਾਣੀ ਅੱਜ ਵੀ ਅੰਮ੍ਰਿਤ ਸਮਾਨ ਪਵਿੱਤਰ ਹੈ ਅਤੇ ਦੂਸਰਾ ਮੰਡੂਆ ਡੀਹ ਨੇੜੇ ਲਹਿਰਤਾਰਾ ਵਿਖੇ ਬਹੁਤ ਵੱਡਾ ਸਤਿਗੁਰੂ ਕਬੀਰ ਮੰਦਿਰ ਉਸਾਰਿਆ ਗਿਆ ਹੈ।

**ਸਤਿਗੁਰੂ ਕਬੀਰ ਸਹਿਬ ਦੇ ਗੁਰੂ** :- ਸੰਖੇਪ ਵਿਚ ਜ਼ਿਕਰ ਕਰੀਏ ਕਿ ਕਈ ਵਿਦਵਾਨ ਸਤਿਗੁਰੂ ਕਬੀਰ ਜੀ ਦੇ ਗੁਰੂ ਸਵਾਮੀ ਰਾਮਾਨੰਦ ਜੀ ਮੰਨਦੇ ਹਨ ਪ੍ਰੰਤੂ ਸਤਿਗੁਰੂ ਕਬੀਰ ਜੀ ਦੇ ਗੁਰੂ ਸਵਾਮੀ ਰਾਮਾ ਨੰਦ ਜੀ ਨਹੀਂ ਸਨ। ਉਨ੍ਹਾਂ ਦੇ ਗੁਰੂ ਕੇਵਲ ਪਾਰਬ੍ਰਹਮ ਪ੍ਰਮਾਤਮਾਂ ਸਨ। ਸਤਿਗੁਰੂ ਕਬੀਰ ਜੀ ਦੀ ਬਾਣੀ ਤੋਂ ਕਿਤੇ ਵੀ ਅਜਿਹਾ ਸੰਕੇਤ ਨਹੀਂ ਮਿਲਦਾ, ਜਿਸ ਤੋਂ ਪਤਾ ਲੱਗੇ ਕਿ ਸਵਾਮੀ

ਰਾਮਾਨੰਦ ਜੀ ਉਨ੍ਹਾਂ ਦੇ ਗੁਰੂ ਸਨ। ਸਤਿਗੁਰੂ ਕਬੀਰ ਸਾਹਿਬ ਜੀ ਨੇ ਆਪਣੀ ਬਾਣੀ ਵਿੱਚ ਪ੍ਰਮਾਤਮਾ ਨੂੰ ਰਾਮ, ਅੱਲ੍ਹਾ, ਹਰਿ, ਨਿਰੰਕਾਰ, ਖਾਲਿਕੁ ਅਤੇ ਹੋਰ ਅਨੇਕਾਂ ਨਾਵਾਂ ਨਾਲ ਸੰਬੋਧਨ ਕੀਤਾ ਹੈ। ਸੋ ਸਤਿਗੁਰੂ ਕਬੀਰ ਸਾਹਿਬ ਜੀ ਦੇ ਗੁਰੂ ਕੇਵਲ ਤੇ ਕੇਵਲ ਪਾਰਬ੍ਰਹਮ ਪ੍ਰਮਾਤਮਾ ਸਨ। ਜਿਵੇਂ ਕਿ ਅੱਜ ਵੀ ਇਹੀ ਧਾਰਨਾ ਚੱਲੀ ਆ ਰਹੀ ਹੈ ਕਿ ਹਰ ਮਨੁੱਖ ਲਈ ਦੇਹਧਾਰੀ ਗੁਰੂ ਧਾਰਨ ਕਰਨਾ ਜ਼ਰੂਰੀ ਹੈ। ਪ੍ਰੰਤੂ ਮਨੁੱਖ ਦਾ ਅਸਲੀ ਗੁਰੂ ਤਾਂ ਸ਼ਬਦ ਹੈ ਭਾਵ ਗਿਆਨ ਹੈ। ਇਹੋ ਸ਼ਬਦ (ਗਿਆਨ) ਸਤਿਗੁਰੂ ਕਬੀਰ ਜੀ ਆਪਣੀ ਬਾਣੀ ਵਿਚ ਦੇ ਗਏ ਹਨ। ਇਸ ਦੇ ਨਾਲ-ਨਾਲ ਉਹ ਆਪਣੀ ਜ਼ਿੰਦਗੀ ਦਾ ਅਧਿਆਤਮਕ ਤਜ਼ਰਬਾ ਵੀ ਦੇ ਕੇ ਗਏ ਹਨ, ਚੰਗੇ-ਮਾੜੇ ਦੀ ਪਹਿਚਾਨ ਕਰਾ ਕੇ ਗਏ ਹਨ। ਅੱਜ ਜ਼ਰੂਰਤ ਤਾਂ ਇਸ ਗੱਲ ਦੀ ਹੈ ਕਿ ਅਸੀਂ ਸਤਿਗੁਰੂ ਕਬੀਰ ਜੀ ਵਲੋਂ ਬਖਸ਼ਿਸ਼ ਕੀਤੇ ਗੁਰਬਾਣੀ ਰੂਪੀ ਵਡਮੁੱਲੇ ਗਿਆਨ ਨੂੰ ਹਾਸਲ ਕਰੀਏ ਅਤੇ ਉਸ ਉਤੇ ਚੱਲਣ ਲਈ ਯਤਨ ਕਰੀਏ।

ਪ੍ਰੰਤੂ ਅਸੀਂ ਚਾਹੁੰਦੇ ਹਾਂ ਕਿ ਅਸੀਂ ਗੁਰੂ ਧਾਰ ਲਈਏ ਤੇ ਸਾਡੇ ਜੀਵਨ ਨੂੰ ਸੰਵਾਰਨ ਲਈ ਸਾਡਾ ਗੁਰੂ ਹੀ ਸਭ ਕੁਝ ਕਰ ਦੇਵੇ। ਜਦ ਕਿ ਅਜਿਹਾ ਕਦੇ ਵੀ ਨਹੀਂ ਹੁੰਦਾ। ਆਪਣੇ ਜੀਵਨ ਨੂੰ ਉੱਚਾ ਚੁਕਣ ਲਈ ਸਾਨੂੰ ਆਪ ਹੀ ਉੱਦਮ ਕਰਨਾ ਪੈਣਾ ਹੈ।

ਬੇਸ਼ੱਕ ਸਤਿਗੁਰੂ ਕਬੀਰ ਜੀ ਸਰੀਰਕ ਰੂਪ ਵਿਚ ਅੱਜ ਸਾਡੇ ਵਿਚ ਮੌਜੂਦ ਨਹੀਂ ਪਰ ਉਨ੍ਹਾਂ ਦੀ ਬਾਣੀ ਅੱਜ ਗੁਰੂ ਰੂਪ ਵਿਚ ਸਾਡੇ ਕੋਲ ਹੈ ਆਉ ਉਸ ਤੋਂ ਅਗਵਾਈ ਲਈਏ ਅਤੇ ਆਪਣਾ ਜੀਵਨ ਸਫ਼ਲ ਕਰੀਏ। ਇਸ ਪਾਵਨ ਬਾਣੀ ਦੇ ਪ੍ਰਕਾਸ਼ਨ ਵਿਚ ਹੋਈਆਂ ਭੁੱਲਾਂ ਲਈ ਦੋਨੋਂ ਹੱਥ ਜੋੜ ਕੇ ਖਿਮਾ ਜਾਚਨਾ ਅਤੇ ਬੇਨਤੀ ਹੈ ਕਿ ਇਸ ਪ੍ਰਕਾਸ਼ਨ ਵਿਚ ਹੋਈਆਂ ਭੁਲਾਂ ਅਤੇ ਰਹਿ ਗਈਆਂ ਕਮੀਆਂ ਨੂੰ ਸਾਨੂੰ ਲਿਖਤੀ ਰੂਪ ਵਿਚ ਦੱਸਣ ਦੀ ਕ੍ਰਿਪਾਲਤਾ ਕਰਨੀ ਤਾਂ ਕਿ ਅਗਲੇ ਐਡੀਸ਼ਨ ਵਿਚ ਸੋਧ ਕੀਤੀ ਜਾ ਸਕੇ। ਧੰਨਵਾਦ ਸਹਿਤ।

**ਚਰਨਜੀਤ ਸਿੰਘ ਬਿਨਪਾਲਕੇ**

01 ਜੂਨ 2024 **ਮੋਬਾਇਲ** 78141-42944

## ਸ਼ਬਦ ਨੰਬਰ - 01

## ਰਾਗ ਗਉੜੀ ਭਗਤਾਂ ਕੀ ਬਾਣੀ॥

## ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ॥

## ਗਉੜੀ ਕਬੀਰ ਜੀ॥

**ਨਗਨ ਫਿਰਤ ਜੌ ਪਾਈਐ ਜੋਗੁ॥**
**ਬਨ ਕਾ ਮਿਰਗੁ ਮੁਕਤਿ ਸਭੁ ਹੋਗ॥੧॥**

ਸਤਿਗੁਰੂ ਕਬੀਰ ਜੀ ਮਹਾਰਾਜ ਆਪਣੇ ਗਉੜੀ ਰਾਗ ਦੇ ਇਸ ਪਾਵਨ ਸ਼ਬਦ ਵਿਚ ਪ੍ਰਚਲਿਤ ਕਰਮ-ਕਾਂਡਾ ਨੂੰ ਰੱਦ ਕਰਦੇ ਫੁਰਮਾਉਂਦੇ ਹਨ ਕਿ ਕੁਝ ਲੋਕ ਪਰਮਾਤਮਾ ਨੂੰ ਪਾਉਣ ਲਈ ਨੰਗੇ ਰਹਿਣ ਦਾ ਧਾਰਮਿਕ ਭੇਸ ਬਣਾਉਂਦੇ ਹਨ ਪਰ ਜੇਕਰ ਨੰਗੇ ਫਿਰਦਿਆਂ ਪਰਮਾਤਮਾ ਲੱਭ ਪੈਂਦਾ ਤਾਂ ਜੰਗਲ ਦੇ ਹਿਰਨ ਆਦਿਕ ਸਾਰੇ ਜਾਨਵਰ ਮੁਕਤ ਹੋ ਜਾਂਦੇ।

**ਕਿਆ ਨਾਗੇ ਕਿਆ ਬਾਧੇ ਚਾਮ॥**
**ਜਬ ਨਹੀ ਚੀਨਸਿ ਆਤਮ ਰਾਮ॥੧॥ ਰਹਾਉ॥**

ਹੇ ਭਾਈ! ਜਿੰਨਾ ਚਿਰ ਤੂੰ ਉਸ ਪਾਰਬ੍ਰਹਮ ਪ੍ਰਭ ਨੂੰ ਪਛਾਣਦਾ ਨਹੀਂ ਉਨ੍ਹਾਂ ਚਿਰ ਚਾਹੇ ਤੂੰ ਨੰਗਾ ਰਹਿਣ ਦਾ ਧਾਰਮਿਕ ਅਡੰਬਰ ਕਰ ਤੇ ਚਾਹੇ ਆਪਣੇ ਸਰੀਰ ਉੱਤੇ ਚੰਮ ਲਪੇਟ ਲੈ ਅਜਿਹਾ ਕੀਤਿਆ ਕੁਝ ਪ੍ਰਾਪਤ ਨਹੀਂ ਹੋਣਾ।

**ਮੂਡ ਮੁੰਡਾਏ ਜੌ ਸਿਧਿ ਪਾਈ॥**
**ਮੁਕਤੀ ਭੇਡ ਨ ਗਈਆ ਕਾਈ॥੧॥**

ਕੁਝ ਲੋਕ ਵਾਲਾਂ ਨੂੰ ਮੁੰਡਾਉਣ (ਸਿਰ ਦੇ ਵਾਲਾਂ ਨੂੰ ਇਸ ਤਰ੍ਹਾਂ

ਕਟਵਾਉਣਾ ਜਿਵੇਂ ਸਿਰ ਗੰਜਾ ਹੋਵੇ) ਨੂੰ ਜ਼ਰੂਰੀ ਧਾਰਮਿਕ ਕਰਮ ਸਮਝੀ ਬੈਠੇ ਹਨ ਪਰ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਜੇਕਰ ਸਿਰ ਮੁਨਾਇਆਂ ਸਿੱਧੀ ਮਿਲ ਸਕਦੀ ਤਾਂ ਕੀ ਕਾਰਨ ਹੈ ਕਿ ਕੋਈ ਵੀ ਭੇਡ ਹੁਣ ਤੱਕ ਮੁਕਤ ਨਹੀਂ ਹੋਈ? ਕਿਉਂ ਭੇਡਾਂ ਦਾ ਪਾਲਣ ਪੋਸ਼ਣ ਉਸ ਦੇ ਵਾਲ ਕੱਟ ਕੇ ਵੇਚਣ ਲਈ ਵੀ ਕੀਤਾ ਜਾਂਦਾ ਹੈ। ਅਕਸਰ ਸਾਲ ਵਿਚ ਇਕ ਜਾਂ ਦੋ ਵਾਰ ਭੇਡਾਂ ਦੇ ਵਾਲ ਮੁੰਨ ਕੇ ਵੇਚੇ ਜਾਂਦੇ ਹਨ ਜਿਸ ਤੋਂ ਉੱਨ ਤਿਆਰ ਕੀਤੀ ਜਾਂਦੀ ਹੈ।

**ਬਿੰਦੁ ਰਾਖਿ ਜੌ ਤਰੀਐ ਭਾਈ॥**
**ਖੁਸਰੈ ਕਿਉ ਨ ਪਰਮ ਗਤਿ ਪਾਈ॥੩॥**

ਕੁਝ ਸਾਰੀ ਉਮਰ ਵਿਆਹ-ਸ਼ਾਦੀ ਨਾ ਕਰਾਉਣ ਭਾਵ ਬਾਲ-ਜਤੀ ਰਹਿਣ ਨੂੰ ਪ੍ਰਭ ਪ੍ਰਾਪਤੀ ਦਾ ਸਾਧਨ ਸਮਝੀ ਬੈਠੇ ਹਨ ਪਰ ਹੇ ਭਾਈ! ਜੇਕਰ ਵਿਆਹ-ਸ਼ਾਦੀ ਨਾ ਕਰਾਉਣ ਨਾਲ ਸੰਸਾਰ ਸਮੁੰਦਰ ਤੋਂ ਤਰ ਸਕੀਦਾ ਹੈ ਤਾਂ ਖੁਸਰੇ ਨੂੰ ਮੁਕਤੀ ਕਿਉਂ ਨਹੀਂ ਮਿਲ ਜਾਂਦੀ? ਜਿਹੜਾ ਬਿਨਾ ਵਿਆਹ-ਸ਼ਾਦੀ ਤੋਂ ਸਾਰੀ ਉਮਰ ਬਤੀਤ ਕਰਦਾ ਹੈ।

**ਕਹੁ ਕਬੀਰ ਸੁਨਹੁ ਨਰ ਭਾਈ॥**
**ਰਾਮ ਨਾਮ ਬਿਨੁ ਕਿਨਿ ਗਤਿ ਪਾਈ॥੪॥੪॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 324)**

ਸਤਿਗੁਰ ਕਬੀਰ ਜੀ ਦ੍ਰਿੜ੍ਹ ਕਰਾਉਂਦੇ ਹਨ ਕਿ ਹੇ ਭਰਾਵੋ! ਜਿਹੜੇ ਮਰਜ਼ੀ ਕਰਮ-ਕਾਂਡ ਕਰੀ ਜਾਵੋ, ਇਕ ਪਾਰਬ੍ਰਹਮ ਪ੍ਰਭ ਦੇ ਹੁਕਮ ਤੇ ਚੱਲਣ ਅਤੇ ਉਸ ਦੇ ਨਾਮ ਸਿਮਰਨ ਤੋਂ ਬਿਨਾਂ ਕਿਸੇ ਨੂੰ ਵੀ ਮੁਕਤੀ ਨਹੀਂ ਮਿਲਣੀ।

## ਸ਼ਬਦ ਨੰਬਰ - 02

**ਰਾਗ ਗਉੜੀ ਭਗਤਾਂ ਕੀ ਬਾਣੀ॥**

**ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ॥**

**ਗਉੜੀ ਕਬੀਰ ਜੀ॥**

**ਗਰਭ ਵਾਸ ਮਹਿ ਕੁਲੁ ਨਹੀ ਜਾਤੀ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ॥੧॥**

ਜਦ ਮਨੁੱਖ ਮਾਤਾ ਦੇ ਗਰਭ ਵਿਚ ਹੁੰਦਾ ਹੈ ਉਸ ਸਮੇਂ ਉਸ ਨੂੰ ਇਹ ਪਤਾ ਨਹੀਂ ਹੁੰਦਾ ਕਿ ਉਹ ਕਿਸ ਜਾਤੀ ਦਾ ਹੈ। (ਭਾਵ ਮਨੁੱਖ ਸੰਸਾਰ ਵਿਚ ਜਨਮ ਲੈਣ ਤੋਂ ਬਾਅਦ ਹੀ ਜਾਤੀ ਦੇ ਭਰਮ ਵਿਚ ਪੈਂਦਾ ਹੈ) ਸਾਰੇ ਜੀਵ ਉਸ ਪਾਰਬ੍ਰਹਮ ਪ੍ਰਮਾਤਮਾ ਦੀ ਅੰਸ਼ ਹਨ ਤੇ ਉਸ ਤੋਂ ਹੀ ਉਤਪੰਨ ਹੁੰਦੇ ਹਨ।

**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ॥੧॥ ਰਹਾਉ॥**

ਹੇ ਪੰਡਿਤ! ਦੱਸ ਕਿ ਤੁਸੀਂ ਬ੍ਰਾਹਮਣ (ਸਭ ਤੋਂ ਉੱਤਮ) ਕਦੋਂ ਦੇ ਹੋ ਗਏ? (ਹੰਕਾਰ ਵਿਚ) ਆਪਣੇ ਆਪ ਨੂੰ ਬ੍ਰਾਹਮਣ ਕਹਿ ਕਹਿ ਕੇ ਆਪਣਾ ਜੀਵਨ ਅਜਾਈਂ ਨਾ ਗਵਾਉ।

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥੨॥**

ਹੇ ਪੰਡਿਤ! ਜੇਕਰ ਤੂੰ ਸੱਚਮੁੱਚ ਬ੍ਰਾਹਮਣ (ਭਾਵ ਸਭ ਤੋਂ ਉੱਤਮ ਹੈ) ਅਤੇ ਤੈਨੂੰ ਬ੍ਰਾਹਮਣੀ ਨੇ ਪੈਦਾ ਕੀਤਾ ਹੈ ਤਾਂ ਸੰਸਾਰ ਉੱਤੇ ਆਉਣ ਦਾ ਤੇਰਾ ਰਸਤਾ ਬਾਕੀਆਂ ਨਾਲੋਂ ਵੱਖ ਕਿਉਂ ਨਹੀਂ ਸੀ ?

**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**

**ਹਮ ਕਤ ਲੋਹੂ ਤੁਮ ਕਤ ਦੂਧ॥੩॥**

ਹੇ ਪੰਡਿਤ! ਤੁਸੀਂ ਕਿਵੇਂ ਬ੍ਰਾਹਮਣ ਭਾਵ ਉੱਚੀ ਕੁਲ ਵਾਲੇ ਬਣ ਗਏ ਤੇ ਅਸੀਂ ਕਿਵੇਂ ਸ਼ੂਦਰ ਭਾਵ ਨੀਵੀਂ ਕੁਲ ਵਾਲੇ ਰਹਿ ਗਏ। ਸਾਡੇ ਸਰੀਰ ਵਿਚ ਕਿਵੇਂ ਲਹੂ ਵਗਦਾ ਹੈ ਤੇ ਤੁਹਾਡੇ ਸਰੀਰ ਵਿਚ ਕਿਵੇਂ ਦੁੱਧ ਵਗ ਰਿਹਾ ਹੈ।

**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**

**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥੭॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 324)**

ਹੇ ਕਬੀਰ! ਆਖ ਕਿ ਅਸੀਂ ਤਾਂ ਉਸ ਮਨੁੱਖ ਨੂੰ ਬ੍ਰਾਹਮਣ ਆਖੀਦਾ ਹੈ ਜੋ ਬ੍ਰਹਮ ਦੀ ਵਿਚਾਰ ਕਰਦਾ ਹੈ। ਭਾਵ ਉਸ ਪਾਰਬ੍ਰਹਮ ਪ੍ਰਮਾਤਮਾ ਦੇ ਹੁਕਮ ਤੇ ਚੱਲਦਾ ਹੈ ਅਤੇ ਕਿਸੇ ਨਾਲ ਵੀ ਭੇਦ ਭਾਵ ਅਤੇ ਛੂਆਛਾਤ ਨਹੀਂ ਕਰਦਾ।

## ਸ਼ਬਦ ਨੰਬਰ - 03

**ਰਾਗ ਗਉੜੀ ਭਗਤਾਂ ਕੀ ਬਾਣੀ॥**

**ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ॥**

**ਗਉੜੀ ਕਬੀਰ ਜੀ॥**

**ਜੋ ਜਨ ਪਰਮਿਤਿ ਪਰਮਨੁ ਜਾਨਾ॥**

**ਬਾਤਨ ਹੀ ਬੈਕੁੰਠ ਸਮਾਨਾ॥ ੧ ॥**

ਪਰਮਾਤਮਾ ਅਤੇ ਉਸ ਦੀ ਮਹਿਮਾ ਦਾ ਕੋਈ ਹੱਦ ਬੰਨਾ ਨਹੀਂ ਹੈ। ਉਹ ਤਾਂ ਮਨ ਦੀਆਂ ਕਲਪਨਾਵਾਂ ਤੋਂ ਵੀ ਪਰੇ ਹੈ। ਪ੍ਰੰਤੂ ਕੁਝ ਲੋਕ ਕਹਿੰਦੇ ਹਨ ਕਿ ਅਸੀਂ ਪਰਮਾਤਮਾ ਨੂੰ ਜਾਣ ਲਿਆ ਹੈ। ਅਜਿਹੇ ਲੋਕ ਤਾਂ ਸਿਰਫ਼ ਗੱਲੀ ਬਾਤੀਂ ਹੀ ਪਰਮਾਤਮਾ ਦੇ ਬੈਕੁੰਠ (ਸਵਰਗ) ਵਿਖੇ ਪਹੁੰਚੇ ਹੋਏ ਹਨ। ਭਾਵ ਇਹ ਲੋਕ ਨਿਰਾ ਝੂਠ ਬੋਲਦੇ ਹਨ।

**ਨਾ ਜਾਨਾ ਬੈਕੁੰਠੁ ਕਹਾ ਹੀ॥**
**ਜਾਨੁ ਜਾਨੁ ਸਭ ਕਹਹਿ ਤਹਾ ਹੀ॥੧॥ ਰਹਾਉ॥**

ਇਨ੍ਹਾਂ ਲੋਕਾਂ ਨੇ ਜਿਸ ਸਵਰਗ ਵਿੱਚ ਜਾਣ ਦੀ ਰਟ ਲਾਈ ਹੋਈ ਹੈ ਮੈਂ ਨਹੀਂ ਜਾਣਦਾ ਕਿ ਇਹ ਸਵਰਗ ਕਿੱਥੇ ਹਨ?

**ਕਹਨ ਕਹਾਵਨ ਨਹ ਪਤੀਅਈ ਹੈ।**
**ਤਉ ਮਨੁ ਮਾਨੈ ਜਾ ਤੇ ਹਉਮੈ ਜਈ ਹੈ॥ ੨ ॥**

ਕੇਵਲ ਕਹਿਣ ਸੁਣਨ ਨਾਲ ਕਿ ਅਸੀਂ ਸਵਰਗ ਜਾਣਾ ਹੈ, ਤਸੱਲੀ ਨਹੀਂ ਹੋਣੀ। ਮਨ ਦੀ ਤਸੱਲੀ ਉਦੋਂ ਹੋਣੀ ਆ ਜਦੋਂ ਸਾਡੇ ਹਿਰਦੇ ਵਿੱਚੋਂ ਹੰਕਾਰ ਬਾਹਰ ਚਲਿਆ ਜਾਵੇ।

**ਜਬ ਲਗੁ ਮਨਿ ਬੈਕੁੰਠ ਕੀ ਆਸ॥**
**ਤਬ ਲਗੁ ਹੋਇ ਨਹੀ ਚਰਨ ਨਿਵਾਸੁ॥ ੩॥**

ਇਕ ਸੱਚਾਈ ਇਹ ਵੀ ਹੈ ਕਿ ਜਦ ਤੱਕ ਸਾਡੇ ਮਨ ਵਿੱਚ ਸਵਰਗ ਜਾਣ ਦੀ ਤਾਂਘ ਬਣੀ ਹੋਈ ਹੈ ਓਨਾਂ ਚਿਰ ਸਾਡਾ ਮਨ ਪ੍ਰਭ ਦੇ ਚਰਨਾਂ ਵਿੱਚ ਨਹੀਂ ਲੱਗ ਸਕਦਾ।

**ਕਹੁ ਕਬੀਰ ਇਹ ਕਹੀਐ ਕਾਹਿ॥**
**ਸਾਧਸੰਗਤਿ ਬੈਕੁੰਠੈ ਆਹਿ॥੪॥੧੦॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 325)**

ਸਤਿਗੁਰੂ ਕਬੀਰ ਜੀ ਫਰਮਾਉਂਦੇ ਹਨ ਕਿ ਇਹ ਗੱਲ ਇਨ੍ਹਾਂ ਅਨਭੋਲ ਲੋਕਾਂ ਨੂੰ ਕਿਵੇਂ ਸਮਝਾਈ ਜਾਵੇ ਕਿ ਅਸਲ ਬੈਕੁੰਠ (ਸਵਰਗ) ਤਾਂ ਸਾਧ ਸੰਗਤ ਵਿੱਚ ਜੁੜਨ ਨਾਲ ਪ੍ਰਾਪਤ ਹੁੰਦਾ ਹੈ ਜਿਥੋਂ ਮਨੁੱਖ ਨੂੰ ਪਰਮਾਤਮਾ ਦੇ ਸੱਚੇ ਗਿਆਨ ਦਾ ਉਪਦੇਸ਼ ਮਿਲਦਾ ਹੈ।

## ਸ਼ਬਦ ਨੰਬਰ - 04

**ਰਾਗ ਗਉੜੀ ਭਗਤਾਂ ਕੀ ਬਾਣੀ॥**

**ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ॥**

**ਗਉੜੀ ਕਬੀਰ ਜੀ ਪੰਚਪਦੇ॥**

**ੴ ਸਤਿਗੁਰ ਪ੍ਰਸਾਦਿ॥**

**ਜਿਉ ਜਲ ਛੋਡਿ ਬਾਹਰਿ ਭਇਓ ਮੀਨਾ॥**
**ਪੂਰਬ ਜਨਮ ਹਉ ਤਪ ਕਾ ਹੀਨਾ॥੧॥**

(ਜਦੋਂ ਮੈਂ ਆਪਣੀ ਉਮਰ ਦੇ ਅੰਤਲੇ ਸਮੇਂ ਕਾਸ਼ੀ ਨੂੰ ਛੱਡ ਕੇ ਮਗਹਰ ਦੀ ਨਗਰੀ ਤੇ ਆ ਗਿਆ ਤਾਂ ਲੋਕ ਮੈਨੂੰ ਕਹਿਣ ਲੱਗੇ ਕਿ) ਜਿਵੇਂ ਮੱਛੀ ਪਾਣੀ ਨੂੰ ਛੱਡ ਕੇ ਮਰ ਜਾਂਦੀ ਹੈ ਭਾਵ ਮੱਛੀ ਦਾ ਜੀਵਨ ਤਾਂ ਪਾਣੀ ਸੀ, ਪਰ ਉਸ ਨੇ ਛੱਡ ਦਿੱਤਾ ਤੇ ਮਰ ਗਈ। ਤਿਵੇਂ ਹੀ ਕਬੀਰ ਨੇ ਪੂਰਬਲੇ ਜਨਮ ਵਿੱਚ ਮਾੜੇ ਕੰਮ ਕੀਤੇ ਸਨ ਜਿਹੜਾ ਬਨਾਰਸ ਭਾਵ ਕਾਸ਼ੀ (ਅਰਥਾਤ ਮੁਕਤੀ ਪ੍ਰਦਾਨ ਕਰਨ ਵਾਲੀ ਨਗਰੀ) ਛੱਡ ਕੇ ਮਗਹਰ ਨਗਰੀ (ਮੁਕਤੀ ਖੋਹਣ ਵਾਲੀ ਨਗਰੀ) ਵਿੱਚ ਆ ਗਿਆ ਹੈ।

**ਅਬ ਕਹੁ ਰਾਮ ਕਵਨ ਗਤਿ ਮੋਰੀ॥**

**ਤਜੀ ਲੇ ਬਨਾਰਸ**

**ਮਤਿ ਬਈ ਥੋਰੀ॥੧॥॥ ਰਹਾਉ॥**

ਹੇ ਮੇਰੇ ਰਾਮ (ਪ੍ਰਭ)! ਮੈਨੂੰ ਹੁਣ ਦੱਸ ਕਿ ਮੇਰਾ ਕੀ ਹਾਲ ਹੋਵੇਗਾ? ਕਿਉਂਕਿ ਮੈਂ ਬਨਾਰਸ (ਕਾਸ਼ੀ) ਦੀ ਧਰਤੀ ਛੱਡ ਆਇਆ ਹਾਂ। ਲੋਕਾਂ ਦੇ ਕਹਿਣ ਮੁਤਾਬਕ ਕੀ ਇਹ ਠੀਕ ਹੈ ਕਿ ਮੇਰੀ ਮੱਤ ਮਾਰੀ ਗਈ ਹੈ?

**ਸਗਲ ਜਨਮੁ ਸਿਵ ਪੁਰੀ ਗਵਾਇਆ॥**

**ਮਰਤੀ ਬਾਰ ਮਗਹਰਿ ਉਠਿ ਆਇਆ॥ ੨॥**

ਹੇ ਰਾਮ (ਪ੍ਰਭ)! ਮੈਨੂੰ ਲੋਕ ਆਖਦੇ ਹਨ ਕਿ ਮੈਂ ਸਾਰੀ ਉਮਰ ਕਾਸ਼ੀ ਵਿਚ ਰਹਿ ਕੇ ਵਿਅਰਥ ਗੁਆ ਲਿਆ ਹੈ ਕਿਉਂ ਜੋ ਮਰਨ ਵੇਲ ਮੈਂ ਮਗਹਰ ਆ ਗਿਆ ਹਾਂ।

**ਬਹੁਤੁ ਬਰਸ ਤਪੁ ਕੀਆ ਕਾਸੀ॥**

**ਮਰਨੁ ਭਇਆ ਮਗਹਰ ਕੀ ਬਾਸੀ॥ ੩॥**

ਹੇ ਪ੍ਰਭ! ਲੋਕ ਆਖਦੇ ਹਨ ਕਿ ਮੈਂ ਕਾਸ਼ੀ ਵਿਚ ਰਹਿ ਕੇ ਕਈ ਸਾਲ ਤਪ ਕੀਤਾ ਜਿਸ ਨਾਲ ਮੈਨੂੰ ਮੁਕਤੀ ਮਿਲ ਜਾਣੀ ਸੀ ਪਰ ਉਸ ਤਪ ਦਾ ਮੈਨੂੰ ਹੁਣ ਕੁਝ ਵੀ ਲਾਭ ਨਹੀਂ ਮਿਲਣਾ ਕਿਉਂ ਕਿ ਜਦੋਂ ਮੇਰੇ ਮਰਨ ਦਾ ਸਮਾਂ ਆਇਆ ਤਾਂ ਮੈਂ ਮਗਹਰ ਆ ਕੇ ਵਸ ਗਿਆਂ ਹਾਂ।

**ਕਾਸੀ ਮਗਹਰ ਸਮ ਬੀਚਾਰੀ॥**

**ਓਛੀ ਭਗਤਿ ਕੈਸੇ ਉਤਰਸਿ ਪਾਰੀ॥ ੪॥**

ਹੇ ਪ੍ਰਭ! ਲ਼ੋਕ ਮੈਨੂੰ ਬੋਲੀ ਮਾਰਦੇ ਹਨ ਕਿ ਕਬੀਰ ਦੀ ਹੋਛੀ ਭਾਵ ਅਧੂਰੀ ਭਗਤੀ ਉਸ ਨੂੰ ਪਾਰ ਨਹੀਂ ਲਗਾ ਸਕਦੀ ਹੈ ਕਿਉਂ ਕਿ ਕਬੀਰ ਕਾਸ਼ੀ ਅਤੇ ਮਗਹਰ ਨੂੰ ਇਕੋ ਜਿਹਾ ਸਮਝਦਾ ਹੈ। ਲੋਕ ਕਹਿੰਦੇ ਹਨ

ਕਿ ਕਾਸ਼ੀ ਵਿਚ ਮਰਨ ਵਾਲਾ ਮਨੁੱਖ ਮੁਕਤ ਹੋ ਜਾਂਦਾ ਹੈ ਤੇ ਮਗਹਰ ਵਿਚ ਮਰਨ ਵਾਲਾ ਮਨੁੱਖ ਜੂਨਾਂ ਵਿਚ ਪੈਂਦਾ ਹੈ।

**ਕਹੁ ਗੁਰ ਗਜ ਸਿਵ ਸਭੁ ਕੋ ਜਾਨੈ ॥**
**ਮੁਆ ਕਬੀਰੁ ਰਮਤ ਸ੍ਰੀ ਰਾਮੈ ॥ ੫ ॥ ੧੫ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 326)**

ਹੇ ਕਬੀਰ! ਆਖ ਕਿ ਹਰੇਕ ਮਨੁੱਖ ਗਣੇਸ਼ ਅਤੇ ਸ਼ਿਵ ਨੂੰ ਜਾਣਦਾ ਹੈ ਭਾਵ ਇਸੇ ਭਰਮ ਵਿਚ ਹੈ ਕਿ ਗਣੇਸ਼ ਦੀ ਨਗਰੀ ਮਗਹਰ, ਮੁਕਤੀ ਖੋਹਣ ਵਾਲੀ ਨਗਰੀ ਹੈ ਅਤੇ ਸ਼ਿਵ ਦੀ ਨਗਰੀ ਕਾਸ਼ੀ, ਮੁਕਤੀ ਦੇਣ ਵਾਲੀ ਹੈ, ਪਰ ਮੈਂ ਤਾਂ ਕੇਵਲ ਪ੍ਰਭ ਦਾ ਸਿਮਰਨ ਕਰ ਕੇ ਆਪਣੀ ਮੈਂ-ਮੇਰੀ ਨੂੰ ਮਿਟਾ ਲਿਆ ਹੈ ਤੇ ਇਨ੍ਹਾਂ ਭਰਮਾਂ ਤੋਂ ਮੁਕਤ ਹੋ ਗਿਆ ਹਾਂ।

ਇਸ ਕਰਕੇ ਜੋ ਕਹਿੰਦੇ ਹਨ ਕਿ ਕਾਸ਼ੀ ਦੀ ਨਗਰੀ ਮੁਕਤੀ ਦੇਣ ਵਾਲੀ ਤੇ ਮਗਹਰ ਦੀ ਨਗਰੀ ਮੁਕਤੀ ਖੋਹਣ ਵਾਲੀ ਹੈ, ਇਸ ਧਾਰਨਾ ਨੂੰ ਮੈਂ ਮੁੱਢ ਤੋਂ ਨਕਾਰਦਾ ਹਾਂ। ਪ੍ਰਭ ਦੇ ਨਾਮ ਤੋਂ ਬਿਨਾਂ ਕਿਸੇ ਵੀ ਨਗਰੀ ਵਿਚ ਵਸਣ ਨਾਲ ਮੁਕਤੀ ਨਹੀਂ ਮਿਲਣੀ।

## ਸ਼ਬਦ ਨੰਬਰ - 05

**ਰਾਗ ਗਉੜੀ ਭਗਤਾਂ ਕੀ ਬਾਣੀ ॥**
**ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ ॥**
**ਗਉੜੀ ਕਬੀਰ ਜੀ ॥**

**ਓਇ ਜੁ ਦੀਸਹਿ ਅੰਬਰਿ ਤਾਰੇ ॥**
**ਕਿਨਿ ਓਇ ਚੀਤੇ ਚੀਤਨਹਾਰੇ ॥੧॥**

ਸਤਿਗੁਰੂ ਕਬੀਰ ਜੀ ਫੁਰਮਾਉਂਦੇ ਹਨ ਕਿ ਇਹ ਜੋ ਅਦਭੁਤ ਸੁੰਦਰ ਤਾਰੇ ਅਕਾਸ਼ ਵਿਚ ਦਿਸ ਰਹੇ ਹਨ, ਉਹ ਕਿਸ ਚਿਤਰਕਾਰ ਨੇ ਬਣਾਏ ਹਨ?

**ਕਹੁ ਰੇ ਪੰਡਿਤ ਅੰਬਰੁ ਕਾ ਸਿਉ ਲਾਗਾ ॥**

**ਬੂਝੈ ਬੂਝਨਹਾਰ ਸਭਾਗਾ ॥੧॥ ਰਹਾਉ ॥**

ਹੇ ਪੰਡਿਤ! ਮੈਨੂੰ ਦੱਸ ਕਿ ਇਹ ਅਕਾਸ਼ ਕਿਸ ਦੇ ਸਹਾਰੇ ਖੜ੍ਹਾ ਹੈ? ਕੋਈ ਭਾਗਾਂ ਵਾਲਾ ਸਿਆਣਾ ਹੀ ਇਸ ਨੂੰ ਬੁੱਝ ਸਕਦਾ ਹੈ।

**ਸੂਰਜ ਚੰਦੁ ਕਰਹਿ ਉਜੀਆਰਾ ॥**

**ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥੧॥**

ਸੂਰਜ ਅਤੇ ਚੰਦ ਸਾਰੇ ਜਗਤ ਨੂੰ ਚਾਨਣ ਦੇ ਰਹੇ ਹਨ। ਇਨ੍ਹਾਂ ਸਾਰਿਆ ਵਿਚ ਪਾਰਬ੍ਰਹਮ ਪ੍ਰਮੇਸ਼ਰ ਦਾ ਪਸਾਰਾ ਪਸਰਿਆ ਹੋਇਆ ਹੈ।

**ਕਹੁ ਕਬੀਰ ਜਾਨੈਗਾ ਸੋਇ ॥**

**ਹਿਰਦੈ ਰਾਮੁ ਮੁਖਿ ਰਾਮੈ ਹੋਇ ॥ ੩ ॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 329)**

ਸਤਿਗੁਰੂ ਕਬੀਰ ਜੀ ਫੁਰਮਾਉਂਦੇ ਕਿ ਇਸ ਭੇਦ ਨੂੰ ਉਹੀ ਸਮਝੇਗਾ ਜਿਸ ਦੇ ਹਿਰਦੇ ਵਿਚ ਪ੍ਰਭ ਦਾ ਵਾਸਾ ਹੈ, ਉਸ ਦੇ ਮੁੱਖੋਂ ਵੀ ਕੇਵਲ ਪ੍ਰਭ ਦੀ ਹੀ ਸਿਫਤ ਸਲਾਹ ਨਿਕਲਦੀ ਹੈ।

## ਸ਼ਬਦ ਨੰਬਰ - 06

## ਰਾਗ ਗਉੜੀ ਭਗਤਾਂ ਕੀ ਬਾਣੀ॥

## ੧ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ॥

## ਗਉੜੀ ਕਬੀਰ ਜੀ॥

**ਬੇਦ ਕੀ ਪੁਤ੍ਰੀ ਸਿੰਮ੍ਰਿਤ ਭਾਈ॥**
**ਸਾਂਕਲ ਜੇਵਰੀ ਲੈ ਹੈ ਆਈ॥ ੧॥**

ਹੇ ਭਾਈ! ਵੇਦਾਂ ਦੀ ਪੁੱਤਰੀ ਸਿੰਮ੍ਰਿਤੀ (ਪੁੱਤਰੀ ਇਸ ਕਰਕੇ ਕਿਉਂਕਿ ਉਹ ਵੇਦਾਂ ਉੱਤੇ ਅਧਾਰਿਤ ਹੈ) ਤਾਂ ਆਪਣੇ ਮੰਨਣ ਵਾਲਿਆਂ ਲਈ ਵਰਣ ਅਵਰਣ ਦੇ ਸੰਗਲ ਅਤੇ ਕਰਮ-ਕਾਂਡਾ ਦੀਆਂ ਰੱਸੀਆਂ ਦੇ ਜੰਜਾਲ ਲੈ ਕੇ ਆਈ ਹੈ।

**ਆਪਨੁ ਨਗਰੁ ਆਪ ਤੇ ਬਾਧਿਆ॥**
**ਮੋਹ ਕੈ ਫਾਧਿ ਕਾਲ ਸਰੁ ਸਾਂਧਿਆ॥ ੧॥ ਰਹਾਉ॥**

ਇਸ ਸਿੰਮ੍ਰਿਤੀ ਨੇ ਆਪਣੇ ਸਾਰੇ ਸ਼ਰਧਾਲੂਆਂ ਨੂੰ ਆਪ ਹੀ ਜਕੜਿਆ ਹੋਇਆ ਹੈ। ਭਾਵ ਉਹ ਜਾਤਾਂ ਪਾਤਾਂ ਦੇ ਬੰਧਨ ਤੋਂ ਮੁਕਤ ਨਹੀਂ ਹੁੰਦੇ। ਇਨ੍ਹਾਂ ਦੇ ਸਿਰ ਤੇ ਮੌਤ ਦੇ ਸਹਿਮ ਦਾ ਤੀਰ ਖਿੱਚ ਕੇ ਇਨ੍ਹਾਂ ਨੂੰ ਸਵਰਗ ਆਦਿ ਦੇ ਮੋਹ ਦੇ ਜਾਲ ਵਿਚ ਫਸਾਇਆ ਹੋਇਆ ਹੈ।

**ਕਟੀ ਨ ਕਟੈ ਤੂਟਿ ਨਹ ਜਾਹੀ॥**
**ਸਾ ਸਾਪਨਿ ਹੋਇ ਜਗ ਕਉ ਖਾਈ॥ ੨॥**

ਇਹ ਸਿੰਮ੍ਰਿਤੀ ਰੂਪੀ ਫਾਹੀ ਜਿਹੜੀ ਆਪਣੇ ਸ਼ਰਧਾਲੂਆਂ ਦੇ ਗਲੇ ਪਈ ਹੋਈ ਹੈ ਜੇਕਰ ਉਹ ਇਸ ਨੂੰ ਕੱਟਣ ਦੀ ਕੋਸ਼ਿਸ਼ ਕਰਨ ਤਾਂ ਵੀ ਇਹ ਕੱਟੀ ਨਹੀਂ ਜਾਂਦੀ। ਆਪਣੇ ਆਪ ਇਹ ਫਾਹੀ ਟੁੱਟਦੀ ਨਹੀਂ।

ਇਹ ਤਾਂ ਹੁਣ ਸੱਪਣੀ ਬਣਕੇ ਜਗਤ ਨੂੰ ਖਾ ਰਹੀ ਹੈ। ਜਿਵੇਂ ਸੱਪਣੀ ਆਪਣੇ ਬੱਚੇ ਪੈਦਾ ਕਰਕੇ ਆਪ ਹੀ ਖਾ ਜਾਂਦੀ ਹੈ, ਉਵੇਂ ਇਹ ਆਪਣੇ ਸ਼ਰਧਾਲੂਆਂ ਦਾ ਨਾਸ਼ ਕਰ ਰਹੀ ਹੈ।

**ਹਮ ਦੇਖਤ ਜਿਨਿ ਸਭੁ ਜਗੁ ਲੂਟਿਆ॥**

**ਕਹੁ ਕਬੀਰ ਮੈ ਰਾਮ ਕਹਿ ਛੂਟਿਆ॥ ੩॥ ੩੦॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 329)**

ਸਤਿਗੁਰੂ ਕਬੀਰ ਜੀ ਫੁਰਮਾਉਂਦੇ ਹਨ ਕਿ ਸਾਡੇ ਦੇਖਦਿਆਂ-ਦੇਖਦਿਆਂ ਇਸ ਨੇ ਸਾਰੇ ਜਗਤ ਨੂੰ ਲੁੱਟ ਲਿਆ ਹੈ, ਪਰ ਮੈਂ ਪ੍ਰਭ ਦਾ ਨਾਮ ਜਪ ਕੇ ਇਸ ਤੋਂ ਬਚ ਗਿਆ ਹਾਂ।

## ਸ਼ਬਦ ਨੰਬਰ - 07

**ਰਾਗ ਗਉੜੀ ਭਗਤਾਂ ਕੀ ਬਾਣੀ॥**

**ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ॥**

**ਗਉੜੀ ਕਬੀਰ ਜੀ॥**

**ਗਉੜੀ ਭੀ ਸੋਰਠਿ ਭੀ॥**

**ੴ ਸਤਿਗੁਰ ਪ੍ਰਸਾਦਿ॥**

**ਜਲਿ ਹੈ ਸੂਤਕੁ ਥਲਿ ਹੈ ਸੂਤਕੁ**
**ਸੂਤਕ ਓਪਤਿ ਹੋਈ।**
**ਜਨਮੇ ਸੂਤਕੁ ਮੂਏ ਫੁਨਿ ਸੂਤਕੁ**
**ਸੂਤਕ ਪਰਜ ਬਿਗੋਈ॥ ੧॥**

ਪੰਡਿਤ ਦੇ ਅਨੁਸਾਰ ਜਿਸ ਘਰ ਵਿੱਚ ਕਿਸੇ ਬੱਚੇ ਦਾ ਜਨਮ ਹੋ ਜਾਵੇ ਉਸ ਘਰ ਵਿੱਚ ਕੁਝ ਦਿਨਾਂ ਵਾਸਤੇ ਸੂਤਕ ਦੀ ਭਿੱਟ (ਪ੍ਰਸੂਤ ਹੋਣ ਨਾਲ ਹੋਈ ਅਸੁੱਧੀ) ਪੈਦਾ ਹੋ ਜਾਂਦੀ ਹੈ ਅਤੇ ਜਿਸ ਘਰ ਵਿੱਚ ਕਿਸੇ ਮਨੁੱਖ ਦੀ ਮੌਤ ਹੋ ਜਾਵੇ ਤਾਂ ਉਸ ਘਰ ਵਿੱਚ ਕੁਝ ਦਿਨਾਂ ਲਈ ਪਾਤਕ ਦੀ ਭਿੱਟ (ਜੀਵ ਦੇ ਮਰਨ ਨਾਲ ਹੋਈ ਅਪਵਿੱਤਰਤਾ) ਪੈਦਾ ਹੋ ਜਾਂਦੀ ਹੈ। ਭਾਵ ਜੀਵ ਦੇ ਜਨਮ ਅਤੇ ਮਰਨ ਨਾਲ ਉਹ ਘਰ ਅਪਵਿੱਤਰ ਹੋ ਜਾਂਦਾ ਹੈ।

ਸਤਿਗੁਰ ਕਬੀਰ ਜੀ ਪੰਡਿਤ ਨੂੰ ਪੁੱਛਦੇ ਹਨ ਕਿ ਜੇਕਰ ਜੀਵ ਦੇ ਜਨਮ ਲੈਣ ਨਾਲ ਸੂਤਕ ਦੀ ਭਿੱਟ ਹੋ ਜਾਂਦੀ ਹੈ ਤਾਂ ਫਿਰ ਪਾਣੀ ਅਤੇ ਧਰਤੀ ਉੱਤੇ ਤਾਂ ਰੋਜ਼ਾਨਾ ਹੀ ਲੱਖਾਂ ਕਰੋੜਾਂ ਜੀਵ ਜਨਮ ਲੈਂਦੇ ਹਨ। ਫਿਰ ਇਸ ਤਰ੍ਹਾਂ ਤਾਂ ਇਹ ਸਾਰਾ ਜਲ ਅਤੇ ਸਾਰੀ ਧਰਤੀ ਅਪਵਿੱਤਰ ਹੋ ਗਈ?

ਸਤਿਗੁਰੂ ਜੀ ਸਮਝਾਉਂਦੇ ਹਨ ਕਿ ਪੰਡਿਤ ਦੇ ਅਨੁਸਾਰ ਜੀਵ ਦੇ ਜਨਮ ਲੈਣ ਨਾਲ ਵੀ ਅਪਵਿੱਤਰਤਾ ਹੋ ਜਾਂਦੀ ਹੈ ਅਤੇ ਮਰਨ ਨਾਲ ਵੀ ਅਪਵਿੱਤਰਤਾ ਹੋ ਜਾਂਦੀ ਹੈ, ਪੰਡਿਤ ਦੇ ਫੈਲਾਏ ਇਸ ਭਰਮ ਜਾਲ ਵਿੱਚ ਫਸ ਕੇ ਦੁਨੀਆ ਖੁਆਰ ਹੋ ਰਹੀ ਹੈ।

**ਕਹੁ ਰੇ ਪੰਡੀਆ ਕਉਨ ਪਵੀਤਾ ॥**
**ਐਸਾ ਗਿਆਨੁ ਜਪਹੁ ਮੇਰੇ ਮੀਤਾ ॥੧॥ ਰਹਾਉ ॥**

ਸੋ ਹੇ ਪੰਡਿਤ, ਮੇਰੇ ਪਿਆਰੇ ਮਿੱਤਰ ਜਰਾ ਸੋਚ ਵਿਚਾਰ ਕੇ ਦੱਸ ਕਿ ਜਦ ਹਰ ਥਾਂ ਸੂਤਕ ਦੀ ਅਪਵਿੱਤਰਤਾ ਹੈ ਤਾਂ ਫਿਰ ਪਵਿੱਤਰ ਮਨੁੱਖ ਕੌਣ ਹੈ ?

**ਨੈਨਹੁ ਸੂਤਕੁ ਬੈਨਹੁ ਸੂਤਕੁ**
**ਸੂਤਕੁ ਸ੍ਰਵਨੀ ਹੋਈ॥**
**ਊਠਤ ਬੈਠਤ ਸੂਤਕੁ ਲਾਗੈ**
**ਸੂਤਕੁ ਪਰੈ ਰਸੋਈ॥ ੨॥**

ਸਾਡੀਆਂ ਅੱਖਾਂ ਦੁਆਰਾ ਦੇਖਣ ਨਾਲ ਸੂਤਕ ਹੈ, ਸਾਡੇ ਮੂੰਹ ਦੁਆਰਾ ਬੋਲਣ ਨਾਲ ਸੂਤਕ ਹੈ, ਸਾਡੇ ਕੰਨਾਂ ਦੁਆਰਾ ਸੁਣਨ ਨਾਲ ਸੂਤਕ ਹੈ ਭਾਵ ਸਾਡੀਆਂ ਇਨ੍ਹਾਂ ਸਰੀਰਕ ਕਿਰਿਆਵਾਂ ਦੁਆਰਾ ਵੀ ਅਨੇਕਾਂ ਸੂਖਮ ਜੀਵ ਮਰ ਜਾਂਦੇ ਹਨ। ਇਸ ਤਰ੍ਹਾਂ ਸਾਨੂੰ ਉੱਠਦਿਆਂ ਬਹਿੰਦਿਆਂ ਭਾਵ ਹਰ ਕੰਮ ਕਰਦਿਆਂ ਸੂਤਕ ਦੀ ਭਿੱਟ ਲੱਗ ਰਹੀ ਹੈ। ਇਥੋਂ ਤੱਕ ਕਿ ਰਸੋਈ, ਜਿਸ ਵਿੱਚ ਬਣੇ ਭੋਜਨ ਨੂੰ ਤੁਸੀਂ ਪਵਿੱਤਰ ਕਹਿੰਦੇ ਹੋ ਉਸ ਵਿੱਚ ਵੀ ਅਨੇਕਾਂ ਜੀਵਾਂ ਦਾ ਜਨਮ ਅਤੇ ਮਰਨ ਚਲਦਾ ਰਹਿੰਦਾ ਹੈ। ਇਸ ਕਰਕੇ ਰਸੋਈ ਵਿਚ ਵੀ ਸੂਤਕ ਹੈ।

**ਫਾਸਨ ਕੀ ਬਿਧਿ ਸਭੁ ਕੋਊ ਜਾਨੈ**
**ਛੂਟਨ ਕੀ ਇਕੁ ਕੋਈ॥**
**ਕਹਿ ਕਬੀਰ ਰਾਮੁ ਰਿਦੈ ਬਿਚਾਰੈ**
**ਸੂਤਕੁ ਤਿਨੈ ਨ ਹੋਈ॥ ੩॥ ੪੧॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 331)**

ਸਾਰੇ ਜੀਵ ਸੂਤਕ ਦੇ ਇਸ ਭਰਮ ਵਿੱਚ ਫਸਣ ਦੇ ਤੌਰ ਤਰੀਕਿਆਂ ਨੂੰ ਬਹੁਤ ਜਲਦੀ ਜਾਣ ਲੈਂਦੇ ਹਨ ਅਤੇ ਸੂਤਕ ਦਾ ਭਰਮ ਕਰਦੇ ਹਨ। ਪਰ ਇਸ ਵਿੱਚੋਂ ਬਚ ਕੇ ਨਿਕਲਣ ਦੀ ਸਮਰੱਥਾ ਕਿਸੇ ਵਿਰਲੇ ਨੂੰ ਹੀ ਹੈ। ਸਤਿਗੁਰੂ ਕਬੀਰ ਜੀ ਅਨੁਸਾਰ ਇਸ ਭਰਮ ਜਾਲ ਵਿੱਚੋਂ ਨਿਕਲਣ

ਦਾ ਇੱਕੋ ਇੱਕ ਤਰੀਕਾ ਹੈ ਉਹ ਇਹ ਕਿ ਪ੍ਰਮਾਤਮਾ ਦੇ ਗਿਆਨ ਨੂੰ ਆਪਣੇ ਹਿਰਦੇ ਵਿੱਚ ਵਿਚਾਰਨਾ। ਜਿਹੜੇ ਅਜਿਹਾ ਕਰ ਲੈਂਦੇ ਹਨ ਉਨ੍ਹਾਂ ਨੂੰ ਸੂਤਕ ਆਦਿ ਦੀ ਭਿਟ ਕਦੇ ਵੀ ਨਹੀਂ ਲੱਗਦੀ।

## ਸ਼ਬਦ ਨੰਬਰ - 08

**ਰਾਗ ਗਉੜੀ ਭਗਤਾਂ ਕੀ ਬਾਣੀ॥**

**ੴ ਸਤਿਨਾਮ ਕਰਤਾ ਪੁਰਖੁ ਗੁਰਪ੍ਰਸਾਦਿ॥**

**ਰਾਗੁ ਗਉੜੀ ਚੇਤੀ॥**

**ਦੇਖੌ ਭਾਈ ਗ੍ਯ੍ਯਾਨ ਕੀ ਆਈ ਆਂਧੀ॥**
**ਸਭੈ ਉਡਾਨੀ ਭ੍ਰਮ ਕੀ ਟਾਟੀ**
**ਰਹੈ ਨ ਮਾਇਆ ਬਾਂਧੀ॥੧॥ ਰਹਾਉ॥**

ਹੇ ਭਾਈ! ਵੇਖ ਗਿਆਨ ਦੀ ਹਨੇਰੀ ਆ ਗਈ ਹੈ। ਇਸ ਹਨੇਰੀ ਨੇ ਵੇਦਾਂ ਆਦਿ ਦੀ ਅਗਿਆਨਤਾ ਦੁਆਰਾ ਫੈਲਾਇਆ ਭਰਮ ਉਡਾ ਦੇਣਾ ਹੈ। ਗਿਆਨ ਅੱਗੇ ਝੂਠ ਦੇ ਆਸਰੇ ਬਣੀ ਅਗਿਆਨਤਾ ਦੀ ਇਹ ਛੱਪਰੀ ਟਿਕੀ ਨਹੀਂ ਰਹਿਣੀ।

**ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਡਾ ਟੂਟਾ॥**

ਜਿਹੜਾ ਗਿਆਨ ਰੂਪੀ ਹਨੇਰੀ ਨੂੰ ਸਮਝਣ ਦਾ ਯਤਨ ਕਰਦਾ ਹੈ, ਉਸ ਮਨੁੱਖ ਦਾ ਦਵੈਤ ਭਾਵ ਖਤਮ ਹੋ ਜਾਂਦਾ ਹੈ ਅਰਥਾਤ ਪ੍ਰਭ ਤੋਂ ਬਿਨਾ ਕਿਸੇ ਹੋਰ ਦਾ ਆਸਰਾ ਤੱਕਣ ਰੂਪੀ ਥੰਮੀ (Piller) ਡਿੱਗ ਪੈਂਦੀ ਹੈ, ਇਸ ਥੰਮੀ ਉਤੇ ਟਿਕਿਆ ਮੋਹ ਦਾ ਵਲਾ (BEAM) ਡਿੱਗ ਪੈਂਦਾ ਹੈ।

**ਤਿਸਨਾ ਛਾਨਿ ਪਰੀ ਧਰ ਊਪਰਿ**
**ਦੁਰਮਤਿ ਭਾਂਡਾ ਫੂਟਾ॥੧॥**

ਇਸ ਵਲੇ ਉੱਪਰ ਟਿਕਿਆ ਤ੍ਰਿਸ਼ਨਾ ਦਾ ਛੱਪਰ ਭੁੰਜੇ ਡਿੱਗ ਪੈਂਦਾ ਹੈ ਅਤੇ ਮਨੁੱਖ ਦੀ ਕੁਚੱਜੀ ਮੱਤ ਦਾ ਭਾਂਡਾ ਭੱਜ ਜਾਂਦਾ ਹੈ। ਭਾਵ ਮਨੁੱਖ ਵਹਿਮਾਂ-ਭਰਮਾਂ, ਅੰਧ ਵਿਸ਼ਵਾਸ਼ਾਂ ਤੋਂ ਮੁਕਤ ਹੋ ਜਾਂਦਾ ਹੈ।

**ਆਂਧੀ ਪਾਛੇ ਜੋ ਜਲੁ ਬਰਖੈ**
**ਤਿਹਿ ਤੇਰਾ ਜਨੁ ਭੀਨਾਂ॥**
**ਕਹਿ ਕਬੀਰ ਮਨਿ ਭਇਆ ਪ੍ਰਗਾਸਾ**
**ਉਦੈ ਭਾਨੁ ਜਬ ਚੀਨਾ॥ ੨॥ ੪੩॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 331-32)**

ਸਤਿਗੁਰੂ ਕਬੀਰ ਜੀ ਫੁਰਮਾਉਂਦੇ ਹਨ ਕਿ ਹਨੇਰੀ ਤੋਂ ਬਾਦ ਜਿਹੜਾ ਮੀਂਹ ਵਰ੍ਹਦਾ ਹੈ, ਜੋ ਮਨੁੱਖ ਉਸ ਮੀਂਹ ਵਿਚ ਭਿੱਜ ਜਾਂਦਾ ਹੈ, ਉਸ ਦੇ ਮਨ ਵਿਚ ਪ੍ਰਕਾਸ਼ ਹੋ ਜਾਂਦਾ ਹੈ ਤੇ ਉਸ ਨੂੰ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਉਸ ਦੇ ਹਿਰਦੇ ਸੂਰਜ ਚੜ੍ਹ ਗਿਆ ਹੋਵੇ।

ਭਾਵ ਗਿਆਨ ਦੀ ਹਨੇਰੀ ਤੋਂ ਬਾਅਦ ਪਾਰਬ੍ਰਹਮ ਪ੍ਰਭ ਦੇ ਨਾਮ ਦਾ ਮੀਂਹ ਵਰ੍ਹਦਾ ਹੈ ਜਿਹੜਾ ਪ੍ਰਭ ਦਾ ਭਗਤ ਗਿਆਨ ਦੀ ਬਰਕਤ ਨਾਲ ਵਹਿਮ-ਭਰਮ, ਅੰਧ-ਵਿਸ਼ਵਾਸ ਮੁਕਾ ਕੇ ਇਸ ਨਾਮ ਰੂਪੀ ਮੀਂਹ ਵਿਚ ਭਿੱਜਦਾ ਹੈ ਭਾਵ ਪ੍ਰਭ ਦਾ ਨਾਮ ਸਿਮਰਦਾ ਹੈ ਉਸ ਦੇ ਮਨ ਵਿਚ ਸ਼ਾਂਤੀ ਤੇ ਟਿਕਾਉ ਪੈਦਾ ਹੁੰਦਾ ਹੈ। ਜਿਉਂ-ਜਿਉਂ ਉਹ ਪ੍ਰਭ ਨੂੰ ਸਿਮਰਦਾ ਹੈ ਤਿਉਂ-ਤਿਉਂ ਉਸ ਦੇ ਮਨ ਵਿਚ ਪ੍ਰਕਾਸ਼ ਹੋਣ ਲਗਦਾ ਹੈ, ਉਸ ਨੂੰ ਲਗਦਾ ਹੈ ਕਿ ਹੁਣ ਉਸ ਦੇ ਹਿਰਦੇ ਵਿਚ ਸੂਰਜ ਚੜ੍ਹ ਗਿਆ ਹੈ।

## ਸ਼ਬਦ ਨੰਬਰ - 09

### ਰਾਗੁ ਗਉੜੀ ਬੈਰਾਗਣਿ ਕਬੀਰ ਜੀ॥
### ੧ਓ ਸਤਿਗੁਰ ਪ੍ਰਸਾਦਿ॥

**ਜੀਵਤ ਪਿਤਰ ਨ ਮਾਨੈ ਕੋਊ**
**ਮੂਏਂ ਸਿਰਾਧ ਕਰਾਹੀ॥**
**ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ**
**ਕਊਆ ਕੂਕਰ ਖਾਹੀ॥੧॥**

ਲੋਕ ਜਿਉਂਦੇ ਮਾਪਿਆਂ ਦੀ ਤਾਂ ਕਦਰ ਨਹੀਂ ਕਰਦੇ ਪਰ ਜੀਵਨ ਦਾ ਸਫ਼ਰ ਮੁਕਾ ਚੁੱਕੇ ਭਾਵ ਮਰ ਗਏ ਬਜ਼ੁਰਗਾਂ ਦੇ ਨਮਿਤ ਸ਼ਰਾਧ ਕਰਦੇ ਹਨ ਅਰਥਾਤ ਉਨ੍ਹਾਂ ਦੇ ਨਾਮ ਦਾ ਭੋਜਨ ਦੂਸਰਿਆ ਨੂੰ ਛਕਾਉਂਦੇ ਹਨ। ਸਤਿਗੁਰੂ ਕਬੀਰ ਜੀ ਮਹਾਰਾਜ ਸਮਝਾਉਂਦੇ ਹਨ ਕਿ ਇਹ ਭੋਜਨ ਵਿਚਾਰੇ ਪਿਤਰਾਂ ਤੱਕ ਨਹੀਂ ਪਹੁੰਚਦਾ। ਇਹ ਤਾਂ ਕਾਂ, ਕੁੱਤੇ ਹੀ ਖਾਂਦੇ ਹਨ।

**ਮੋ ਕਉ ਕੁਸਲੁ ਬਤਾਵਹੁ ਕੋਈ॥**
**ਕੁਸਲੁ ਕੁਸਲੁ ਕਰਤੇ ਜਗੁ ਬਿਨਸੈ**
**ਕੁਸਲੁ ਭੀ ਕੈਸੇ ਹੋਈ॥੧॥ ਰਹਾਉ॥**

ਮੈਨੂੰ ਕੋਈ ਦੱਸੇ ਕਿ ਪਿੱਤਰਾਂ ਨਮਿਤ ਦੂਸਰਿਆਂ ਨੂੰ ਅੰਨ-ਪਾਣੀ ਛਕਾਉਣਾ ਕੀ ਇਸ ਤਰਾਂ ਇਹ ਤੁਹਾਡੇ ਪਿੱਤਰਾਂ ਤੱਕ ਪਹੁੰਚ ਜਾਵੇਗਾ? ਅਜਿਹਾ ਕਰਨ ਨਾਲ ਪਿੱਛੇ ਘਰ ਵਿਚ ਸੁੱਖ ਆਨੰਦ ਕਿਵੇਂ ਮਿਲਦਾ ਹੈ? ਅਫਸੋਸ ਹੈ ਕਿ ਸਾਰਾ ਸੰਸਾਰ ਇਸੇ ਭਰਮ ਵਿਚ ਖਪ ਰਿਹਾ ਹੈ ਕਿ

ਸ਼ਰਾਧ ਕਰਾਉਣ ਨਾਲ ਘਰ ਵਿਚ ਸੁੱਖ ਆਨੰਦ ਬਣਿਆ ਰਹਿੰਦਾ ਹੈ।

**ਮਾਟੀ ਕੇ ਕਰਿ ਦੇਵੀ ਦੇਵਾ**
**ਤਿਸੁ ਆਗੈ ਜੀਉ ਦੇਹੀ॥**
**ਐਸੇ ਪਿਤਰ ਤੁਮਾਰੇ ਕਹੀਅਹਿ**
**ਆਪਨ ਕਹਿਆ ਨ ਲੇਹੀ॥੨॥**

ਜਿਵੇਂ ਲੋਕ ਮਿੱਟੀ ਦੇ ਦੇਵੀ ਦੇਵਤੇ ਬਣਾ ਕੇ ਉਨ੍ਹਾਂ ਅੱਗੇ ਜੀਵਾਂ ਦੀ ਬਲੀ ਦਿੰਦੇ ਹਨ। ਇਸ ਦਾ ਇਨ੍ਹਾਂ ਦੇਵੀ-ਦੇਵਤਿਆਂ ਨੂੰ ਕੋਈ ਲਾਭ ਨਹੀਂ। ਹੇ ਭਾਈ! ਤੁਹਾਡੇ ਪਿੱਤਰ ਵੀ ਇਸੇ ਤਰ੍ਹਾਂ ਮਿੱਟੀ ਦੇ ਬਣੇ ਦੇਵੀ-ਦੇਵਤਿਆਂ ਵਾਂਗ ਹਨ। ਤੁਸੀਂ ਉਨ੍ਹਾਂ ਅੱਗੇ ਜੋ ਮਰਜੀ ਰੱਖ ਦਿੰਦੇ ਹੋ ਪਰ ਉਹ ਤੁਹਾਡੇ ਕੋਲੋਂ ਆਪ ਮੰਗਿਆਂ ਕੁਝ ਨਹੀਂ ਲੈ ਸਕਦੇ।

**ਸਰਜੀਉ ਕਾਟਹਿ ਨਿਰਜੀਉ ਪੂਜਹਿ**
**ਅੰਤ ਕਾਲ ਕਉ ਭਾਰੀ॥**
**ਰਾਮ ਨਾਮ ਕੀ ਗਤਿ ਨਹੀ ਜਾਨੀ**
**ਭੈ ਡੂਬੇ ਸੰਸਾਰੀ॥ ੩॥**

ਅਨਭੋਲ ਲੋਕ ਮਿਟੀ ਦੇ ਨਿਰਜੀਵ ਦੇਵੀ-ਦੇਵਤਿਆਂ ਨੂੰ ਪੂਜਣ ਲਈ ਉਨ੍ਹਾਂ ਅੱਗੇ ਜੀਉਂਦੇ ਜਾਗਦੇ ਜੀਵਾਂ ਦੀ ਬਲੀ ਦਿੰਦੇ ਹਨ। ਇਸ ਤਰ੍ਹਾਂ ਕਰਕੇ ਉਹ ਆਪਣਾ ਆਉਣ ਵਾਲਾ ਸਮਾਂ ਵਿਗਾੜੀ ਜਾ ਰਹੇ ਹਨ। ਅਜਿਹੀ ਪੂਜਾ ਅਤੇ ਬਲੀਆਂ ਦੇਣਾ ਉਹ ਲੋਕਚਾਰੀ ਰਸਮਾਂ ਨੂੰ ਨਿਭਾਉਣ ਖਾਤਿਰ ਅਤੇ ਦੇਵੀ-ਦੇਵਤਿਆ ਤੇ ਪਿੱਤਰਾਂ ਦੇ ਡਰ ਤੋਂ ਸਹਮੇ ਹੋਏ ਕਰੀ ਜਾ ਰਹੇ ਹਨ ਕਿ ਕਿਤੇ ਇਹ ਦੇਵਤੇ ਅਤੇ ਪਿੱਤਰ ਉਨ੍ਹਾਂ ਉੱਪਰ ਕਰੂਪੇ ਹੋ ਕੇ ਉਨ੍ਹਾਂ ਦਾ ਕੁਝ ਵਿਗਾੜ ਨਾ ਦੇਣ।

ਅਸਲ ਵਿਚ ਅਜਿਹੇ ਲੋਕ ਪਾਰਬ੍ਰਹਮ ਪ੍ਰਭ ਦੀ ਵਿਚਾਰਧਾਰਾ ਨੂੰ ਨਹੀਂ ਸਮਝਦੇ ਅਤੇ ਨਾਂ ਹੀ ਉਨ੍ਹਾਂ ਨੂੰ ਉਸ ਆਤਮਕ ਅਵਸਥਾ ਦੀ ਸੋਝੀ ਹੈ, ਜਿਹੜੀ ਉਸ ਪ੍ਰਭ ਦਾ ਨਾਮ ਸਿਮਰਿਆਂ ਬਣਦੀ ਹੈ।

**ਦੇਵੀ ਦੇਵਾ ਪੂਜਹਿ ਡੋਲਹਿ**
**ਪਾਰਬ੍ਰਹਮ ਨਹੀ ਜਾਨਾ॥**
**ਕਹਤ ਕਬੀਰ ਅਕੁਲੁ ਨਹੀ ਚੇਤਿਆ**
**ਬਿਖਿਆ ਸਿਉ ਲਪਟਾਨਾ॥ ੪ ॥੧॥ ੪੫॥**

(**ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ** 332)

ਸਤਿਗੁਰੂ ਕਬੀਰ ਜੀ ਅਜਿਹੇ ਲੋਕਾਂ ਬਾਬਤ ਕਥਨ ਕਰਦੇ ਹਨ ਕਿ ਇਨ੍ਹਾਂ ਦੀ ਅਜੀਬੋ-ਗਰੀਬ ਸਥਿਤੀ ਹੈ ਕਿ ਇਹ ਲੋਕ ਮਿੱਟੀ ਦੇ ਇਨ੍ਹਾਂ ਦੇਵੀ ਦੇਵਤਿਆਂ ਨੂੰ ਪੂਜਦੇ ਵੀ ਹਨ ਤੇ ਇਨ੍ਹਾਂ ਤੋਂ ਡੋਲਦੇ ਭਾਵ ਡਰਦੇ ਵੀ ਹਨ। ਇਸ ਦਾ ਅਸਲ ਕਾਰਨ ਇਹੀ ਹੈ ਇਨ੍ਹਾਂ ਲੋਕਾਂ ਨੇ ਪਾਰਬ੍ਰਹਮ ਨੂੰ ਜਾਣਿਆ ਨਹੀਂ। ਹੇ ਭਾਈ ਤੁਸੀਂ ਸੰਸਾਰ ਦੀ ਮਾਇਆ ਵਿਚ ਗ੍ਰਸਤ ਹੋਇਆਂ ਨੇ ਜਾਤ-ਕੁਲ ਵਿਚ ਜਨਮ ਲੈਣ ਵਾਲੇ ਦੇਵੀ ਦੇਵਤਿਆਂ ਨੂੰ ਤਾਂ ਪੂਜਿਆ ਹੈ ਪਰ ਆਪਣੇ ਅਸਲੇ ਉਸ ਅਕਾਲ ਪੁਰਖ ਨੂੰ ਸਿਮਰਿਆ ਨਹੀਂ ਜਿਹੜਾ ਕਿਸੇ ਜਾਤ-ਕੁਲ ਵਿਚ ਜਨਮ ਨਹੀਂ ਲੈਂਦਾ। ਇਸੇ ਬੇਸਮਝੀ ਕਾਰਨ ਤੁਸੀਂ ਆਪਣੇ ਜੀਵਨ ਨੂੰ ਖੁਆਰ ਕਰੀ ਜਾ ਰਹੇ ਹੋ।

## ਸ਼ਬਦ ਨੰਬਰ - 10

### ਰਾਗੁ ਗਉੜੀ ਪੂਰਬੀ੧॥ ਕਬੀਰ ਜੀ॥
### ੧ੴ ਸਤਿਗੁਰ ਪ੍ਰਸਾਦਿ॥

**ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥**

ਮਨੁੱਖ ਨੂੰ ਸਵਰਗਾਂ ਦਾ ਲਾਲਚ ਅਤੇ ਨਰਕਾਂ ਦਾ ਡਰ ਦੇ ਕੇ ਭਰਮਾਂ ਵਿੱਚ ਪਾਇਆ ਹੋਇਆ ਹੈ ਪਰ ਸਤਿਗੁਰੂ ਜੀ ਸਮਝਾਉਂਦੇ ਹਨ ਕਿ ਮਨੁੱਖ ਨੂੰ ਇਹ ਤਾਂਘ ਨਹੀਂ ਰੱਖਣੀ ਚਾਹੀਦੀ ਕਿ ਮਰਨ ਪਿੱਛੋਂ ਉਸਨੂੰ ਸਵਰਗਾਂ ਵਿੱਚ ਨਿਵਾਸ ਮਿਲ ਜਾਵੇ ਅਤੇ ਨਾ ਹੀ ਇਸ ਗੱਲ ਦਾ ਡਰ ਰੱਖਣਾ ਚਾਹੀਦਾ ਹੈ ਕਿ ਮਰਨ ਤੋਂ ਬਾਅਦ ਕਿਤੇ ਉਸਨੂੰ ਨਰਕ ਹੀ ਨਾ ਮਿਲ ਜਾਵੇ।

**ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥ ੧॥**

ਜੋ ਕੁਝ ਵੀ ਹੋਣਾ ਹੈ (ਮਨੁੱਖ ਦੇ ਕੀਤੇ ਕਰਮਾਂ ਅਤੇ ਪਰਮਾਤਮਾ ਦੀ ਰਜਾ ਅਨੁਸਾਰ) ਉਹ ਪਰਮਾਤਮਾ ਦੇ ਹੁਕਮ ਨਾਲ ਹੀ ਹੋਣਾ ਹੈ। ਇਸ ਕਰਕੇ ਬਿਨਾਂ ਚੰਗੇ ਕਰਮ ਕੀਤਿਆਂ ਮਨ ਵਿੱਚ ਚੰਗੇ ਹੋਣ ਦੀ ਉਮੀਦ ਨਹੀਂ ਰੱਖਣੀ ਚਾਹੀਦੀ।

**ਰਮਈਆ ਗੁਨ ਗਾਈਐ॥**
**ਜਾ ਤੇ ਪਾਈਐ ਪਰਮ ਨਿਧਾਨੁ॥੧॥ ਰਹਾਉ॥**

ਹਮੇਸ਼ਾ ਪਰਮਾਤਮਾ ਦੇ ਗੁਣ ਗਾਉਂਦੇ ਰਹਿਣਾ ਚਾਹੀਦਾ ਹੈ। ਉਸ ਦੇ ਨਾਮ ਦੇ ਗੁਣ ਗਾਉਣ ਨਾਲ ਸੁੱਖਾਂ ਦਾ ਖਜ਼ਾਨਾ ਮਿਲ ਜਾਂਦਾ ਹੈ।

**ਕਿਆ ਜਪੁ ਕਿਆ ਤਪੁ ਸੰਜਮੋ**

**ਕਿਆ ਬਰਤੁ ਕਿਆ ਇਸਨਾਨੁ ॥**

ਪਰਮਾਤਮਾ ਦੇ ਨਾਮ ਅੱਗੇ ਜਪ, ਤਪ, ਸੰਜਮ, ਵਰਤ ਅਤੇ ਤੀਰਥ ਇਸ਼ਨਾਨ ਸਭ ਨਿਗੁਣੇ, ਬੇਕਾਰ ਹਨ।

**ਜਬ ਲਗੁ ਜੁਗਤਿ ਨ ਜਾਨੀਐ**

**ਭਾਉ ਭਗਤਿ ਭਗਵਾਨ ॥੨॥**

ਜਦ ਤੱਕ ਮਨੁੱਖ ਨੂੰ ਇਸ ਗੱਲ ਦੀ ਸਮਝ ਨਹੀਂ ਪੈਂਦੀ ਕਿ ਪਰਮਾਤਮਾ ਨਾਲ ਪਿਆਰ ਕਰਨਾ ਅਤੇ ਉਸਦੀ ਭਗਤੀ ਕਰਨਾ ਹੀ ਜੀਵਨ ਦੀ ਅਸਲੀ ਜੁਗਤੀ ਹੈ। ਉਨਾਂ ਚਿਰ ਮਨੁੱਖ ਇਹਨਾਂ ਕਰਮ-ਕਾਂਡਾਂ ਵਿੱਚ ਫਸਿਆ ਹੀ ਰਹੇਗਾ।

**ਸੰਪੈ ਦੇਖਿ ਨ ਹਰਖੀਐ ਬਿਪਤਿ ਦੇਖਿ ਨ ਰੋਇ ॥**

ਸੁਖ ਦੀ ਪ੍ਰਾਪਤੀ ਕਰਕੇ ਬਹੁਤਾ ਖੁਸ਼ ਨਾ ਹੋਈਏ ਅਤੇ ਬਿਪਤਾ ਦੇਖ ਕੇ ਕਦੇ ਦੁਖੀ ਨਾ ਹੋਈਏ।

**ਜਿਉ ਸੰਪੈ ਤਿਉ ਬਿਪਤਿ ਹੈ**

**ਬਿਧਿ ਨੇ ਰਚਿਆ ਸੋ ਹੋਇ ॥ ੩ ॥**

ਜਿਵੇਂ ਸੁੱਖ ਮਿਲਦਾ ਹੈ ਉਸੇ ਤਰ੍ਹਾਂ ਹੀ ਦੁੱਖ ਵੀ ਪ੍ਰਾਪਤ ਹੁੰਦਾ ਹੈ ਦੁੱਖ ਅਤੇ ਸੁੱਖ ਦੋਨੋਂ ਪਰਮਾਤਮਾ ਦੀ ਦੇਣ ਹੈ।

**ਕਹਿ ਕਬੀਰ ਅਬ ਜਾਨਿਆ ਸੰਤਨ ਰਿਦੈ ਮਝਾਰਿ ॥**

ਸਤਿਗੁਰੂ ਕਬੀਰ ਜੀ ਸਮਝਾਉਂਦੇ ਹਨ ਕਿ ਹੁਣ ਇਹ ਸਮਝ ਆ ਗਈ ਹੈ ਕਿ ਪਰਮਾਤਮਾ ਸੰਤਾਂ ਦੇ ਹਿਰਦੇ ਵਿੱਚ ਵਸਦਾ ਹੈ। ਉਸ ਨੂੰ ਪਾਉਣ ਵਾਸਤੇ ਸਵਰਗ ਨਰਕ ਦੀ ਹੋਂਦ ਅਤੇ ਇਹ ਕਰਮ ਕਾਂਡ ਇੱਕ ਭੁਲੇਖਾ ਹੀ ਹੈ।

**ਸੇਵਕ ਸੋ ਸੇਵਾ ਭਲੇ**

**ਜਿਹ ਘਟ ਬਸੈ ਮੁਰਾਰਿ ॥੪॥੧॥੧੨॥੬੩॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 337)**

ਉਨ੍ਹਾਂ ਸੇਵਕਾਂ ਦੀ ਸੇਵਾ ਹੀ ਪ੍ਰਵਾਨ ਹੁੰਦੀ ਹੈ, ਜਿਹੜੇ ਪਰਮਾਤਮਾ ਦੀ ਸਿਫਤ ਸਲਾਹ ਕਰਦੇ ਹੋਏ ਸੇਵਾ ਕਰਦੇ ਹਨ।

## ਸ਼ਬਦ ਨੰਬਰ 11

**ਗਉੜੀ ਪੂਰਬੀ ਕਬੀਰ ਜੀ॥**

**੧ਓ ਸਤਿਗੁਰ ਪ੍ਰਸਾਦਿ॥ ਗਉੜੀ॥**

**ਨਿੰਦਉ ਨਿੰਦਉ ਮੋ ਕਉ ਲੋਗੁ ਨਿੰਦਉ॥**

**ਨਿੰਦਾ ਜਨ ਕਉ ਖਰੀ ਪਿਆਰੀ॥**

**ਨਿੰਦਾ ਬਾਪੁ ਨਿੰਦਾ ਮਹਤਾਰੀ॥ ੧॥ ਰਹਾਉ॥**

ਦੁਨੀਆਂ ਦੇ ਲੋਕ ਭਾਵੇਂ ਮੇਰੀ ਨਿੰਦਾ ਕਰੀ ਜਾਣ, ਪਰ ਮੈਨੂੰ ਪ੍ਰਭ ਦੇ ਸੇਵਕ ਨੂੰ ਇਹ ਨਿੰਦਾ ਬਹੁਤ ਪਿਆਰੀ ਲੱਗਦੀ ਹੈ। ਨਿੰਦਾ ਤਾਂ ਮੈਨੂੰ ਬਾਪ ਅਤੇ ਮਾਂ ਲੱਗਦੀ ਹੈ। ਜਿਵੇਂ ਮਾਂ ਬਾਪ ਆਪਣੇ ਬੱਚਿਆਂ ਨੂੰ ਭੈੜੇ ਗੁਣਾਂ ਨੂੰ ਤਿਆਗ ਕੇ ਚੰਗੇ ਗੁਣ ਅਪਣਾਉਣ ਲਈ ਕਹਿੰਦੇ ਹਨ ਇਸੇ ਤਰ੍ਹਾਂ ਨਿੰਦਕ ਲੋਕ ਜਦੋਂ ਮੇਰੇ ਔਗੁਣਾਂ ਨੂੰ ਭੰਡਦੇ ਹਨ ਤਾਂ ਉਹ ਮੈਨੂੰ ਚੰਗੇ ਗੁਣਾਂ ਲਈ ਪ੍ਰੇਰਿਤ ਕਰ ਰਹੇ ਹੁੰਦੇ ਹਨ।

**ਨਿੰਦਾ ਹੋਇ ਤ ਬੈਕੁੰਠਿ ਜਾਈਐ॥**

**ਨਾਮੁ ਪਦਾਰਥੁ ਮਨਹਿ ਬਸਾਈਐ॥**

ਨਿੰਦਾ ਹੋਣ ਨਾਲ ਤਾਂ ਮਨੁੱਖ ਬੈਕੁੰਠ ਵਿੱਚ ਜਾਂਦਾ ਹੈ ਕਿਉਂਕਿ ਇਸ ਨਾਲ ਮਨੁੱਖ ਆਪਣੇ ਔਗੁਣਾਂ ਨੂੰ ਛੱਡ ਕੇ ਚੰਗੇ ਗੁਣਾਂ ਭਾਵ ਪਰਮਾਤਮਾ ਦੇ ਨਾਮ ਨੂੰ ਆਪਣੇ ਮਨ ਵਿੱਚ ਵਸਾ ਸਕਦਾ ਹੈ।

**ਰਿਦੈ ਸੁਧ ਜਉ ਨਿੰਦਾ ਹੋਇ॥**

**ਹਮਰੇ ਕਪਰੇ ਨਿੰਦਕੁ ਧੋਇ॥ ੧॥**

ਜੇਕਰ ਸੱਚੇ ਹਿਰਦੇ ਨਾਲ ਅਸੀਂ ਆਪਣੀ ਨਿੰਦਿਆ ਨੂੰ ਸੁਣੀਏ ਅਤੇ ਆਪਣੇ ਔਗੁਣਾਂ ਨੂੰ ਤਿਆਗ ਦਈਏ ਤਾਂ ਨਿੰਦਕ ਸਾਡੇ ਮਨ ਨੂੰ ਪਵਿੱਤਰ ਕਰਨ ਵਿੱਚ ਸਾਡੀ ਸਹਾਇਤਾ ਕਰਦਾ ਹੈ।

**ਨਿੰਦਾ ਕਰੈ ਸੁ ਹਮਰਾ ਮੀਤੁ॥**

**ਨਿੰਦਕ ਮਾਹਿ ਹਮਾਰਾ ਚੀਤੁ॥**

ਜੋ ਸਾਡੀ ਨਿੰਦਿਆ ਕਰਦਾ ਹੈ ਅਸਲ ਵਿੱਚ ਉਹ ਸਾਡਾ ਮਿੱਤਰ ਹੈ। ਕਿਉਂਕਿ ਅਸੀਂ ਆਪਣੇ ਨਿੰਦਕ ਦੀ ਗੱਲ ਬੜੇ ਧਿਆਨ ਨਾਲ ਸੁਣਦੇ ਹਾਂ।

**ਨਿੰਦਕੁ ਸੋ ਜੋ ਨਿੰਦਾ ਹੋਰੈ॥**

**ਹਮਰਾ ਜੀਵਨੁ ਨਿੰਦਕੁ ਲੋਰੈ॥ ੨॥**

ਸਾਡਾ ਮੰਦਾ ਸੋਚਣ ਵਾਲਾ ਅਸਲ ਨਿੰਦਕ ਤਾਂ ਉਹ ਮਨੁੱਖ ਹੈ ਜੋ ਸਾਡੇ ਔਗੁਣਾਂ ਨੂੰ ਨਸਰ ਹੋਣ ਤੋਂ ਰੋਕਦਾ ਹੈ। ਸਾਨੂੰ ਇਹ ਮੰਨਣਾ ਚਾਹੀਦਾ ਹੈ ਕਿ ਨਿੰਦਕ ਤਾਂ ਸਾਡੀ ਨਿੰਦਿਆ ਕਰਕੇ ਸਾਡਾ ਚੰਗਾ ਜੀਵਨ ਲੋਚਦਾ ਹੈ।

**ਨਿੰਦਾ ਨੂੰ ਹਮਰੀ ਪ੍ਰੇਮ ਪਿਆਰੁ॥**

**ਨਿੰਦਾ ਹਮਰਾ ਕਰੈ ਉਧਾਰੁ॥**

ਨਿੰਦਾ ਨੂੰ ਤਾਂ ਮੈਂ ਪਿਆਰ ਕਰਦਾ ਹਾਂ ਕਿਉਂਕਿ ਨਿੰਦਿਆ ਸਾਨੂੰ ਔਗੁਣਾਂ ਤੋਂ ਬਚਾ ਕੇ ਰੱਖਦੀ ਹੈ ਅਤੇ ਸਾਡਾ ਉਧਾਰ ਕਰਦੀ ਹੈ।

**ਜਨ ਕਬੀਰ ਕਉ ਨਿੰਦਾ ਸਾਰੁ॥**
**ਨਿੰਦਕੁ ਡੂਬਾ ਹਮ ਉਤਰੇ ਪਾਰਿ॥ ੩॥ ੨੦॥ ੭੧॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 339)**

ਪ੍ਰਭ ਦੇ ਦਾਸ ਕਬੀਰ ਲਈ ਉਸ ਦੀ ਨਿੰਦਿਆ ਹੋਣੀ, ਉਸਦੇ ਔਗੁਣਾਂ ਦਾ ਪਤਾ ਲੱਗਣਾ ਹੈ, ਜੋ ਬਹੁਤ ਚੰਗੀ ਗੱਲ ਹੈ। ਪ੍ਰੰਤੂ ਨਿੰਦਕ ਤਾਂ ਦੂਸਰਿਆਂ ਦੇ ਔਗੁਣਾਂ ਨੂੰ ਫਰੋਲਦਾ ਹੋਇਆ ਆਪ ਔਗੁਣਾਂ ਵਿੱਚ ਫਸ ਜਾਂਦਾ ਹੈ। ਪਰ ਅਸੀਂ ਉਸ ਦੀ ਨਿੰਦਿਆ ਤੋਂ ਡਰ ਕੇ ਆਪਣੇ ਔਗੁਣਾਂ ਨੂੰ ਮੁਕਾ ਕੇ ਬਚ ਨਿਕਲੇ ਹਾਂ।

## ਸ਼ਬਦ ਨੰਬਰ - 12

**ੴ ਸਤਿਨਾਮ ਕਰਤਾ ਪੁਰਖ**
**ਨਿਰਭਓ ਨਿਰਵੈਰ ਅਕਾਲ ਮੂਰਤਿ**
**ਅਜੂਨੀ ਸੈਭੰ ਗੁਰਪ੍ਰਸਾਦਿ॥**
**ਆਸਾ ਸ੍ਰੀ ਕਬੀਰ ਜੀਉ ਕੇ ਦੁਪਦੇ**
**ੴ ਸਤਿਗੁਰ ਪ੍ਰਸਾਦਿ॥ ਆਸਾ॥**

**ਅੰਤਰਿ ਮੈਲੁ ਜੇ ਤੀਰਥ ਨਾਵੈ**
**ਤਿਸ ਬੈਕੁੰਠ ਨ ਜਾਨਾਂ॥**

ਮਨੁੱਖ ਦੇ ਅੰਦਰ ਜੇਕਰ ਵਿਕਾਰਾਂ ਦੀ ਮੈਲ ਹੈ ਪਰ ਉਹ ਤੀਰਥਾਂ

ਉੱਤੇ ਇਸ਼ਨਾਨ ਕਰਕੇ ਸ਼ੁੱਧ ਹੁੰਦਾ ਫਿਰੇ, ਇਸ ਤਰ੍ਹਾਂ ਕਰਨ ਨਾਲ ਉਹ ਸਵਰਗ ਨਹੀਂ ਪਹੁੰਚ ਸਕਦਾ ਭਾਵ ਮੁਕਤ ਨਹੀਂ ਹੋ ਸਕਦਾ।

**ਲੋਕ ਪਤੀਣੇ ਕਛੂ ਨ ਹੋਵੈ**

**ਨਾਹੀ ਰਾਮੁ ਅਯਾਨਾ॥੧॥**

ਐਹ ਮਨੁੱਖ ਤੇਰੇ ਤੀਰਥਾਂ 'ਤੇ ਨਹਾਉਣ ਨਾਲ ਲੋਕ ਤਾਂ ਭਾਵੇਂ ਤੇਰੇ ਉੱਤੇ ਰੀਝ ਜਾਣਗੇ ਤੇ ਕਹਿਣਗੇ ਇਹ ਬੜਾ ਵੱਡਾ ਭਗਤ ਹੈ ਪਰ ਇਸ ਦਾ ਤੈਨੂੰ ਕੁਝ ਵੀ ਲਾਭ ਨਹੀਂ ਹੋਣਾ ਹੈ ਕਿਉਂ ਕਿ ਉਹ ਪ੍ਰਭ ਅਣਜਾਣ ਨਹੀਂ ਹੈ। ਉਸ ਨੂੰ ਤੇਰੇ ਅੰਦਰ ਦੇ ਵਿਕਾਰਾਂ ਦੀ ਮੈਲ ਦਾ ਪਤਾ ਹੈ।

**ਪੂਜਹੁ ਰਾਮੁ ਏਕੁ ਹੀ ਦੇਵਾ॥**

**ਸਾਚਾ ਨਾਵਣੁ ਗੁਰ ਕੀ ਸੇਵਾ॥੧॥ ਰਹਾਉ॥**

ਕੇਵਲ ਇਕ ਪ੍ਰਮਾਤਮਾ ਦੇਵ ਦੀ ਹੀ ਪੂਜਾ ਕਰੋ। ਅਸਲ ਤੀਰਥ ਇਸ਼ਨਾਨ ਬ੍ਰਹਮ ਗੁਰੂ ਦੀ ਸੇਵਾ ਹੈ। ਭਾਵ ਉਸ ਦੇ ਦਰਸਾਏ ਮਾਰਗ ਤੇ ਚੱਲਣਾ ਹੀ ਸੱਚਾ ਤੀਰਥ ਇਸ਼ਨਾਨ ਹੈ।

**ਜਲ ਕੈ ਮਜਨਿ ਜੇ ਗਤਿ ਹੋਵੈ**

**ਨਿਤ ਨਿਤ ਮੇਂਡੁਕ ਨਾਵਹਿ॥**

ਜੇਕਰ ਤੀਰਥ ਇਸ਼ਨਾਨ ਕਰਕੇ ਸੁੱਚੇ ਹੋਣ ਨਾਲ ਮੁਕਤੀ ਮਿਲਣੀ ਹੁੰਦੀ ਤਾਂ ਮੇਂਡਕ (ਡੱਡੂ) ਤਾਂ ਸਦਾ ਹੀ ਪਾਣੀ ਵਿਚ ਨਹਾਉਂਦਾ ਰਹਿੰਦਾ ਹੈ ਫਿਰ ਉਹ ਤਾਂ ਕਦੋਂ ਦਾ ਮੁਕਤ ਹੋ ਗਿਆ ਹੁੰਦਾ।

**ਜੈਸੇ ਮੇਂਡੁਕ ਤੈਸੇ ਓਇ ਨਰ**

**ਫਿਰ ਫਿਰ ਜੋਨੀ ਆਵਹਿ॥੨॥**

ਜਿਵੇਂ ਡੱਡੂ ਪਾਣੀ ਵਿਚ ਨਹਾਉਂਦੇਂ ਹਨ ਤਿਵੇਂ ਹੀ ਤੀਰਥਾਂ ਤੇ ਨਹਾਉਣ ਵਾਲੇ ਮਨੁੱਖ ਹਨ ਜਿਹੜੇ ਤੀਰਥਾਂ ਉੱਤੇ ਇਸ਼ਨਾਨ ਕਰਕੇ ਮੁਕਤ ਹੋਣ ਦੀ ਆਸ ਲਾਈ ਬੈਠੇ ਹਨ। ਅਜਿਹੇ ਮਨੁੱਖ ਸਦਾ ਜੂਨਾਂ ਵਿਚ ਪੈਂਦੇ ਹਨ।

**ਮਨਹੁ ਕਠੋਰੁ ਮਰੈ ਬਾਨਾਰਸਿ**
**ਨਰਕੁ ਨ ਬਾਂਚਿਆ ਜਾਈ॥**

ਇਸੇ ਤਰ੍ਹਾਂ ਮਨ ਦਾ ਕਠੋਰ ਮਨੁੱਖ ਬੇਸ਼ੱਕ ਬਨਾਰਸ (ਕਾਸ਼ੀ) ਵਿਚ ਪ੍ਰਾਣ ਤਿਆਗੇ, ਫਿਰ ਵੀ ਉਹ ਨਰਕਾਂ ਵਿਚ ਪੈਣ ਤੋਂ ਬਚ ਨਹੀਂ ਸਕਦਾ। (ਕਿਉਂ ਕਿ ਬ੍ਰਾਹਮਣਾ ਦੁਆਰਾ ਇਹ ਗੱਲ ਫੈਲਾਈ ਗਈ ਸੀ ਕਿ ਕੋਈ ਵੀ ਮਨੁੱਖ ਭਾਵੇਂ ਪਾਪੀ ਕਿਉਂ ਨਾ ਹੋਵੇ ਜੇਕਰ ਉਹ ਬ੍ਰਾਹਮਣਾਂ ਨੂੰ ਪੁੰਨ-ਦਾਨ ਕਰਕੇ ਬਨਾਰਸ ਵਿਚ ਪ੍ਰਾਣ ਤਿਆਗਦਾ ਹੈ ਤਾਂ ਉਹ ਸਵਰਗਾਂ ਨੂੰ ਜਾਵੇਗਾ।)

**ਹਰਿ ਕਾ ਸੰਤੁ ਮਰੈ ਹਾੜੰਬੈ**
**ਤ ਸਗਲੀ ਸੈਨ ਤਰਾਈ॥੩॥**

ਇਸ ਦੇ ਉਲਟ ਜੇਕਰ ਹਰੀ ਦਾ ਭਗਤ ਸ੍ਰਾਪੀ ਕਹੀ ਜਾਣ ਵਾਲੀ ਧਰਤੀ ਹਾੜੰਬੈ ਭਾਵ ਮਗਹਰ ਵਿਚ ਪ੍ਰਾਣ ਤਿਆਗਦਾ ਹੈ ਤਾਂ ਉਹ ਆਪ ਤਾਂ ਮੁਕਤ ਹੁੰਦਾ ਹੀ ਹੈ ਅਤੇ ਆਪਣੇ ਨਾਲ ਉਹ ਹੋਰ ਲੋਕਾਈ ਨੂੰ ਵੀ ਮੁਕਤ ਕਰ ਲੈਂਦਾ ਹੈ। ਕਿਉਂ ਕਿ ਬ੍ਰਾਹਮਣਾਂ ਨੇ ਇਹ ਧਾਰਨਾ ਪ੍ਰਪੱਕ ਕੀਤੀ ਸੀ ਕਿ ਜਿਹੜਾ ਮਨੁੱਖ ਹਾੜੰਬੈ ਦੀ ਧਰਤੀ ਉੱਤੇ ਪ੍ਰਾਣ ਤਿਆਗਦਾ ਹੈ ਉਹ ਨਰਕਾਂ ਵਿਚ ਜਾਵੇਗਾ।

**ਦਿਨਸੁ ਨ ਰੈਨਿ ਬੇਦੁ ਨਹੀ ਸਾਸਤ੍ਰ**
**ਤਹਾ ਬਸੈ ਨਿਰੰਕਾਰਾ॥**

ਨਿਰੰਕਾਰ ਪ੍ਰਭ ਦਾ ਵਾਸਾ ਦਿਨ ਜਾਂ ਰਾਤ ਦੇ ਸਮੇਂ ਜਾਂ ਵੇਦ ਤੇ ਸ਼ਾਸਤ੍ਰ ਆਦਿ ਕਿਸੇ ਖ਼ਾਸ ਧਾਰਮਕ ਗ੍ਰੰਥ ਦਾ ਮੁਥਾਜ ਨਹੀਂ ਹੈ।

ਭਾਵ ਨਿਰੰਕਾਰ ਪ੍ਰਭ ਮਨੁੱਖ ਨੂੰ ਉਸ ਆਤਮਕ ਅਵਸਥਾ ਤੇ ਅੱਪੜਦਿਆਂ ਮਿਲਦਾ ਜਿਹੜੀ ਅਵਸਥਾ ਵਿੱਚ ਮਨੁੱਖ ਦਿਨ ਜਾਂ ਰਾਤ ਦੇ ਸਮੇਂ ਅਤੇ ਬੇਦ ਜਾਂ ਸ਼ਾਸਤਰ ਆਦਿ ਕਿਸੇ ਖ਼ਾਸ ਧਾਰਮਿਕ ਗ੍ਰੰਥ ਦਾ ਮੁਥਾਜ ਨਹੀਂ ਰਹਿੰਦਾ।

**ਕਹਿ ਕਬੀਰ ਨਰ ਤਿਸਹਿ ਧਿਆਵਹੁ**
**ਬਾਵਰਿਆ ਸੰਸਾਰਾ॥ ੪॥ ੪॥ ੩੭॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 484)**

ਸਤਿਗੁਰੂ ਕਬੀਰ ਜੀ ਸਮਝਾਉਂਦੇ ਹਨ ਕਿ ਕਮਲੇ ਹੋਏ ਲੋਕੋ! ਤੁਸੀਂ ਵੀ ਬੇਕਾਰ ਦੇ ਧਾਰਮਿਕ ਬੰਧਨਾਂ ਨੂੰ ਤਿਆਗ ਕੇ ਕੇਵਲ ਉਸੇ ਪ੍ਰਮਾਤਮਾ ਨੂੰ ਹੀ ਸਿਮਰੋ।

## ਸ਼ਬਦ ਨੰਬਰ - 13

**ਰਾਮਕਲੀ ਬਾਣੀ ਭਗਤਾ ਕੀ॥ ਕਬੀਰ ਜੀਉ॥**
**ੴ ਸਤਿਗੁਰ ਪ੍ਰਸਾਦਿ**

**ਤੂੰ ਮੇਰੋ ਮੇਰੁ ਪਰਬਤੁ ਸੁਆਮੀ**
**ਓਟ ਗਹੀ ਮੈ ਤੇਰੀ॥**
**ਨਾ ਤੁਮ ਡੋਲਹੁ ਨਾ ਹਮ ਗਿਰਤੇ**
**ਰਖਿ ਲੀਨੀ ਹਰਿ ਮੇਰੀ॥੧॥**

ਹੇ ਪ੍ਰਭ ! ਤੂੰ ਮੇਰਾ ਮੇਰ ਪਰਬਤ ਜਿਹਾ ਭਾਵ ਬਹੁਤ ਉੱਚਾ ਸੁਆਮੀ ਹੈਂ। ਇਸ ਕਰਕੇ ਮੈਂ ਤੇਰਾ ਹੀ ਆਸਰਾ ਤੱਕਿਆ ਹੈ। ਤੂੰ ਸਦਾ ਅਡੋਲ ਹੈਂ ਤੇਰਾ ਲੜ ਫੜ ਕੇ ਅਸੀਂ ਵੀ ਡਿਗਣ ਤੋਂ ਬਚ ਗਏ ਹਾਂ। ਤੂੰ ਮੇਰੀ ਲਾਜ ਰੱਖ ਲਈ ਹੈ।

**ਅਬ ਤਬ ਜਬ ਕਬ ਤੁਹੀ ਤੁਹੀ ॥**
**ਹਮ ਤੁਅ ਪਰਸਾਦਿ**
**ਸੁਖੀ ਸਦ ਹੀ ॥੧॥ ਰਹਾਉ ॥**

ਹੇ ਪ੍ਰਭ ! ਮੈਨੂੰ ਹਮੇਸ਼ਾਂ ਤੇਰਾ ਹੀ ਆਸਰਾ ਹੈ ਤੇ ਮੈਂ ਤੇਰੀ ਕਿਰਪਾ ਨਾਲ ਸਦਾ ਖੁਸ਼ ਹਾਂ।

**ਤੋਰੇ ਭਰੋਸੇ ਮਗਹਰ ਬਸਿਓ**
**ਮੇਰੇ ਤਨ ਕੀ ਤਪਤਿ ਬੁਝਾਈ ॥**

ਹੇ ਪ੍ਰਭ ! ਲੋਕ ਮਗਹਰ ਦੀ ਧਰਤੀ ਨੂੰ ਸਰਾਪੀ ਹੋਈ ਧਰਤੀ ਆਖਦੇ ਹਨ। ਪਰ ਮੈਂ ਤੇਰੇ ਭਰੋਸੇ ਇਸ ਧਾਰਨਾ ਨੂੰ ਨਕਾਰ ਕੇ ਮਗਹਰ ਵਿਚ ਆ ਵਸਿਆ ਹਾਂ ਜਿਥੇ ਆ ਕੇ ਤੁਸੀਂ ਮੇਰੇ 'ਤੇ ਮਿਹਰ ਕਰਕੇ ਮੇਰੇ ਮਨ ਦੀ ਪਿਆਸ ਬੁਝਾ ਦਿੱਤੀ ਹੈ।

**ਪਹਿਲੇ ਦਰਸਨੁ ਮਗਹਰ ਪਾਇਓ**
**ਫੁਨਿ ਕਾਸੀ ਬਸੇ ਆਈ ॥੨॥**

ਹੇ ਪ੍ਰਭ ! ਮੈਂ ਤੇਰਾ ਪਹਿਲਾ ਦਰਸ਼ਨ ਤਾਂ ਮਗਹਰ ਵਿਚ ਹੀ ਕੀਤਾ ਹੈ ਤੇ ਬਾਦ ਵਿਚ ਕਾਸ਼ੀ ਆ ਕੇ ਵਸਿਆ ਹਾਂ।

**ਜੈਸਾ ਮਗਹਰੁ ਤੈਸੀ ਕਾਸੀ**
**ਹਮ ਏਕੈ ਕਰਿ ਜਾਨੀ ॥**

**ਹਮ ਨਿਰਧਨ ਜਿਉ ਇਹੁ ਧਨੁ ਪਾਇਆ**

**ਮਰਤੇ ਫੂਟਿ ਗੁਮਾਨੀ ॥੩॥**

ਮੈਨੂੰ ਮਗਹਰ ਅਤੇ ਕਾਸ਼ੀ ਦੋਵੇਂ ਇਕੋ ਜਿਹੇ ਲਗਦੇ ਹਨ। ਇਹ ਅਵਸਥਾ ਮੈਨੂੰ ਕੰਗਾਲ ਨੂੰ ਤੇਰਾ ਨਾਮ ਧਨ ਪ੍ਰਾਪਤ ਹੋਣ ਤੇ ਮਿਲੀ ਹੈ ਪਰ ਕਾਸ਼ੀ ਵਿਚ ਵਸਣ ਵਾਲੇ ਹੰਕਾਰੀ, ਹੰਕਾਰ ਵਿਚ ਮਰ ਰਹੇ ਹਨ।

**ਕਰੈ ਗੁਮਾਨੁ ਚੁਭਹਿ ਤਿਸੁ ਸੂਲਾ**

**ਕੋ ਕਾਢਨ ਕਉ ਨਾਹੀ ॥**

**ਅਜੈ ਸੁ ਚੋਭ ਕਉ ਬਿਲਲ ਬਿਲਾਤੇ**

**ਨਰਕੇ ਘੋਰ ਪਚਾਹੀ ॥੪॥**

ਅਜਿਹੇ ਹੰਕਾਰੀਆਂ ਦੇ ਸੂਲ਼ਾਂ ਚੁੱਭਦੀਆਂ ਹਨ ਉਨ੍ਹਾਂ ਸੂਲਾਂ ਨੂੰ ਕੋਈ ਪੁੱਟ ਨਹੀਂ ਸਕਦਾ। ਸਾਰੀ ਉਮਰ ਉਹ ਹੰਕਾਰੀ ਹੰਕਾਰ ਵਿਚ ਸੂਲਾਂ ਚੁੱਭਣ ਨਾਲ ਤੜਫਦੇ ਹਨ ਮਾਨੋ ਜਿਵੇਂ ਉਹ ਘੋਰ ਨਰਕ ਵਿਚ ਪਏ ਹੋਣ।

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ**

**ਸੰਤਨ ਦੋਊ ਰਾਦੇ ॥**

**ਹਮ ਕਾਹੂ ਕੀ ਕਾਣਿ ਨ ਕਢਤੇ**

**ਅਪਨੇ ਗੁਰ ਪਰਸਾਦੇ ॥੫॥**

ਕੀ ਨਰਕ ਤੇ ਕੀ ਵਿਚਾਰਾ ਸਵਰਗ, ਸੰਤਾਂ ਨੇ ਇਨ੍ਹਾਂ ਦੋਹਾਂ ਨੂੰ ਰੱਦ ਕਰ ਦਿੱਤਾ ਹੈ। ਬ੍ਰਹਮ ਗੁਰੂ ਦੀ ਕਿਰਪਾ ਨਾਲ ਸੰਤ ਸਵਰਗਾਂ ਦੇ ਸੁੱਖ ਅਤੇ ਨਰਕਾਂ ਦੇ ਦੁੱਖ ਦੇ ਮੁਥਾਜ ਨਹੀਂ ਹਨ। ਉਨ੍ਹਾਂ ਨੇ ਇਸ ਨੂੰ ਆਪਣੇ ਮਨੋ ਹੀ ਤਿਆਗ ਦਿੱਤਾ ਹੈ। ਉਹ ਕਿਤੇ ਵੀ ਰਹਿਣ ਉਨ੍ਹਾਂ ਦੇ

ਹਿਰਦੇ ਵਿਚ ਕੇਵਲ ਅਨੰਦ ਹੀ ਅਨੰਦ ਹੈ।

**ਅਬ ਤਉ ਜਾਇ ਚਢੇ ਸਿੰਘਾਸਨਿ**
**ਮਿਲੇ ਹੈ ਸਾਰਿੰਗਪਾਨੀ॥**
**ਰਾਮ ਕਬੀਰਾ ਏਕ ਭਏ ਹੈ**
**ਕੋਇ ਨ ਸਕੈ ਪਛਾਨੀ॥੬॥੩॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 969)**

ਗੁਰੂ ਦੀ ਕਿਰਪਾ ਨਾਲ ਹੁਣ ਮੈਂ ਉਚੀ ਆਤਮਕ ਅਵਸਥਾ ਵਿਚ ਪਹੁੰਚ ਗਿਆ ਹਾਂ ਜਿਥੇ ਮੈਨੂੰ ਪ੍ਰਭ ਪ੍ਰਮਾਤਮਾ ਮਿਲ ਗਿਆ ਹੈ। ਹੁਣ ਮੈਂ ਕਬੀਰ ਅਤੇ ਪ੍ਰਭ ਵਿਚ ਕੋਈ ਅੰਤਰ ਨਹੀਂ ਰਿਹਾ। ਅਸੀਂ ਦੋਨੋਂ ਜਣੇ ਇਕ ਹੋ ਗਏ ਹਾਂ। ਹੁਣ ਸਾਡੇ ਵਿਚੋਂ ਕੋਈ ਪਹਿਚਾਨ ਨਹੀਂ ਸਕਦੇ ਕਿ ਕਿਹੜਾ ਕਬੀਰ ਹੈ ਤੇ ਕਿਹੜਾ ਰਾਮ (ਪ੍ਰਭ) ਹੈ।

## ਸ਼ਬਦ ਨੰਬਰ - 14

**ਰਾਮਕਲੀ ਬਾਣੀ ਭਗਤਾ ਕੀ॥ ਕਬੀਰ ਜੀਉ॥**
**ੴ ਸਤਿਗੁਰ ਪ੍ਰਸਾਦਿ॥**

**ਜਿਹ ਮੁਖ ਬੇਦੁ ਗਾਇਤ੍ਰੀ ਨਿਕਸੈ**
**ਸੋ ਕਿਉ ਬ੍ਰਹਮਨੁ ਬਿਸਰੁ ਕਰੈ॥**
**ਜਾ ਕੈ ਪਾਇ ਜਗਤ ਸਭੁ ਲਾਗੈ**
**ਸੋ ਕਿਉ ਪੰਡਿਤੁ ਹਰਿ ਨ ਕਹੈ॥੧॥**

ਹੇ ਬ੍ਰਾਹਮਣ ਇਕ ਪਾਸੇ ਤਾਂ ਤੂੰ ਕਹਿੰਦਾ ਹੈਂ ਕਿ ਵੇਦ ਤੇ ਗਾਇਤ੍ਰੀ

ਪ੍ਰਮਾਤਮਾਂ ਦੇ ਮੂੰਹ ਵਿਚੋਂ ਨਿਕਲੇ ਹਨ। ਪਰ ਫਿਰ ਤੂੰ ਉਸ ਪ੍ਰਮਾਤਮਾਂ ਨੂੰ ਵਿਸਾਰਿਆ ਹੋਇਆ ਕਿਉਂ ਹੈ? ਹੇ ਪੰਡਿਤ! ਤੂੰ ਉਸ ਹਰੀ ਪ੍ਰਮਾਤਮਾਂ ਦਾ ਸਿਮਰਨ ਕਿਉਂ ਨਹੀਂ ਕਰਦਾ? ਸਾਰਾ ਸੰਸਾਰ ਜਿਸ ਦੇ ਪੈਰੀਂ ਲਗਦਾ ਹੈ।

**ਕਾਹੇ ਮੇਰੇ ਬਾਮਨ ਹਰਿ ਨ ਕਹਹਿ**
**ਰਾਮੁ ਨ ਬੋਲਹਿ ਪਾਡੇ**
**ਦੋਜਕੁ ਭਰਹਿ ॥੧॥ ਰਹਾਉ ॥**

ਹੇ ਮੇਰੇ ਬਾਮਣ ਤੂੰ ਹਰੀ ਨੂੰ ਕਿਉਂ ਨਹੀਂ ਸਿਮਰਦਾ। ਹੇ ਪਾਂਡੇ ਤੂੰ ਸਾਰੇ ਸੰਸਾਰ ਵਿਚ ਰਮੇ ਹੋਏ ਰਾਮ ਦਾ ਨਾਮ ਨਹੀਂ ਲੈਂਦਾ ਤੇ ਨਰਕ ਜਿਹਾ ਦੁੱਖ ਭੋਗ ਰਿਹਾਂ ਹੈਂ।

**ਆਪਨ ਊਚ ਨੀਚ ਘਰਿ ਭੋਜਨੁ**
**ਹਠੇ ਕਰਮ ਕਰਿ ਉਦਰੁ ਭਰਹਿ ॥**

ਤੂੰ ਆਪਣੇ ਆਪ ਨੂੰ ਉੱਚੀ ਕੁਲ ਦਾ ਸਮਝਦਾ ਹੈਂ ਪਰ ਭੋਜਨ ਆਪਣੇ ਤੋਂ ਨੀਵਿਆਂ ਦੇ ਘਰ ਦਾ ਖਾਂਦਾ ਹੈਂ। ਤੂੰ (ਆਪ ਤਾਂ ਕੋਈ ਮਿਹਨਤ-ਮੁਸ਼ੱਕਤ ਨਹੀਂ ਕਰਦਾ ਤੇ) ਲੋਕਾਂ ਨੂੰ ਹਠ ਵਾਲੇ ਕਰਮ-ਕਾਂਡ ਦਿਖਾ ਕੇ ਤੇ ਉਨ੍ਹਾਂ ਨੂੰ ਭਰਮਾ ਕੇ ਆਪਣਾ ਪੇਟ ਭਰਦਾ ਹੈਂ।

**ਚਉਦਸ ਅਮਾਵਸ ਰਚਿ ਰਚਿ ਮਾਂਗਹਿ**
**ਕਰਿ ਦੀਪਕੁ ਲੈ ਕੂਪ ਪਰਹਿ ॥੨॥**

ਤੂੰ ਚੌਂਦੇ ਅਤੇ ਅਮਾਵਸ ਜਿਹੇ ਬਨਾਉਟੀ ਦਿਨ-ਵਾਰ ਬਣਾ ਕੇ ਉਨ੍ਹਾਂ ਦਿਨਾਂ ਦੇ ਨਾਮ ਤੇ ਮੰਗ-ਮੰਗ ਕੇ ਖਾਹ ਰਿਹਾ ਹੈਂ। ਤੂੰ ਏਹੋ ਜਿਹੀ ਵਿਦਿਆ ਦਾ ਦੀਵਾ ਆਪਣੇ ਹੱਥਾਂ ਉੱਤੇ ਬਾਲ ਕੇ ਖੂਹ ਵਿਚ ਡਿੱਗ

ਰਿਹਾ ਹੈਂ।

**ਤੂੰ ਬ੍ਹਮਨੁ ਮੈ ਕਾਸੀਕ ਜੁਲਹਾ**
**ਮੁਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ॥**

ਤੂੰ ਆਪਣੇ ਆਪ ਨੂੰ ਉੱਚੀ ਕੁਲ ਵਾਲਾ ਬ੍ਰਾਹਮਣ ਸਮਝਦਾ ਹੈਂ ਤੇ ਮੈਨੂੰ ਤੂੰ ਛੋਟੀ ਕੁਲ ਵਾਲਾ ਕਾਸ਼ੀ ਦਾ ਜੁਲਾਹਾ ਸਮਝਦਾ ਹੈਂ। ਤੇਰੀ ਅਜਿਹੀ ਸੋਚ ਕਾਰਨ ਤੇਰੀ ਤੇ ਮੇਰੀ ਕੀ ਬਰਾਬਰੀ ਹੈ? ਇਸ ਕਰਕੇ ਤੂੰ ਮੇਰੇ ਇਨ੍ਹਾਂ ਵਿਚਾਰਾਂ ਨੂੰ ਕਿਥੇ ਮੰਨੇਗਾ।

**ਹਮਰੇ ਰਾਮ ਨਾਮ ਕਹਿ ਉਬਰੇ**
**ਬੇਦ ਭਰੋਸੇ ਪਾਂਡੇ ਡੂਬਿ ਮਰਹਿ॥੩॥੫॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 970)**

ਪਰ ਅਸੀਂ ਇਕ ਰਾਮ ਭਾਵ ਪਾਰਬ੍ਰਹਮ ਪ੍ਰਭ ਦਾ ਨਾਮ ਸਿਮਰ ਕੇ ਸੰਸਾਰ ਸਮੁੰਦਰ ਤੋ ਪਾਰ ਹੋ ਗਏ ਹਾਂ ਤੇ ਤੁਸੀਂ ਵੇਦਾਂ ਦੇ ਭਰੋਸੇ ਸੰਸਾਰ ਸਮੁੰਦਰ ਵਿਚ ਡੁੱਬ ਕੇ ਮਰ ਰਹੇ ਹੋ।

## ਸ਼ਬਦ ਨੰਬਰ - 15

**ਭੈਰਉ ਬਾਣੀ ਕਬੀਰ ਜੀਉ ਘਰ ੧॥**
**ੴ ਸਤਿਗੁਰ ਪ੍ਰਸਾਦਿ॥**

**ਮਨੁ ਕਰਿ ਮਕਾ ਕਿਬਲਾ ਕਰਿ ਦੇਹੀ॥**
**ਬੋਲਨਹਾਰੁ ਪਰਮ ਗੁਰੁ ਏਹੀ॥੧॥**

ਸਤਿਗੁਰੂ ਕਬੀਰ ਜੀ ਇਸਲਾਮ ਧਰਮ ਦੇ ਮੁੱਲਾਂ ਨੂੰ ਸੰਬੋਧਨ ਕਰਦੇ

ਫਰਮਾਉਂਦੇ ਹਨ ਕਿ ਹੇ ਮੁੱਲਾਂ! ਮਨ ਨੂੰ ਮੱਕਾ ਸਮਝ ਅਤੇ ਪ੍ਰਮਾਤਮਾ ਨੂੰ ਕਿਬਲਾ ਬਣਾ ਭਾਵ ਤੇਰਾ ਅੰਤਹਕਰਨ ਮੱਕਾ ਹੈ ਅਤੇ ਸਾਰੇ ਮਨੁੱਖਾਂ ਦਾ ਸੁਆਮੀ ਕਰਤਾਰ ਉਸ ਵਿੱਚ ਪੂਜਣ ਯੋਗ ਹੈ।

**ਕਹੁ ਰੇ ਮੁਲਾਂ ਬਾਂਗ ਨਿਵਾਜ॥**

**ਏਕ ਮਸੀਤਿ ਦਸੈ ਦਰਵਾਜ॥੧॥ ਰਹਾਉ॥**

ਹੇ ਮੁੱਲਾ ਤੂੰ ਆਪਣੇ ਦਸ ਇੰਦਰੀਆਂ ਵਾਲੇ ਸਰੀਰ ਨੂੰ ਇੱਕ ਮਸੀਤ ਸਮਝ ਅਤੇ ਇਸ ਸਰੀਰ ਰੂਪੀ ਮਸੀਤ ਵਿੱਚ ਬੈਠ ਕੇ ਬਾਂਗ ਦੇ ਅਤੇ ਨਮਾਜ ਪੜ੍ਹ।

**ਮਿਸਿ ਮਿਲਿ ਤਾਮਸੁ ਭਰਮੁ ਕਦੂਰੀ॥**

**ਭਾਖਿ ਲੇ ਪੰਚੈ ਹੋਇ ਸਬੂਰੀ॥ ੨ ॥**

ਕਿਸੇ ਜੀਵ ਦੀ ਕੁਰਬਾਨੀ ਦੇਣ ਦੀ ਥਾਂ ਤੂੰ ਆਪਣੇ ਕ੍ਰੋਧ ਵਾਲੇ ਸੁਭਾਅ ਅਤੇ ਮਨ ਦੀ ਮੈਲ ਨੂੰ ਮਾਰ ਦੇ ਅਤੇ ਪੰਜ ਵਿਕਾਰਾਂ ਨੂੰ ਖਾ ਲੈ ਭਾਵ ਖਤਮ ਕਰ ਲੈ ਇਸ ਨਾਲ ਤੈਨੂੰ ਸ਼ਾਂਤੀ ਪ੍ਰਾਪਤ ਹੋਵੇਗੀ।

**ਹਿੰਦੂ ਤੁਰਕ ਕਾ ਸਾਹਿਬੁ ਏਕ॥**

**ਕਹ ਕਰੈ ਮੁਲਾਂ ਕਹ ਕਰੈ ਸੇਖ॥ ੩ ॥**

ਸੰਸਾਰ ਵੱਲੋਂ ਬੇਸ਼ੱਕ ਕਿਸੇ ਨੂੰ ਮੁਲਾਂ ਜਾਂ ਕਿਸੇ ਨੂੰ ਸੇਖ ਦਾ ਰੁਤਬਾ ਮਿਲ ਜਾਵੇ ਪਰ ਪ੍ਰਭ ਦੇ ਸਾਹਮਣੇ ਇਹ ਕੋਈ ਵੱਡਾ ਰੁਤਬਾ ਨਹੀਂ ਹੈ। ਹਿੰਦੂ ਅਤੇ ਮੁਸਲਮਾਨ ਦੋਹਾਂ ਦਾ ਮਾਲਕ ਇੱਕੋ ਪ੍ਰਮਾਤਮਾ ਆਪ ਹੈ।

**ਕਹਿ ਕਬੀਰ ਹਉ ਭਇਆ ਦਿਵਾਨਾ।**

**ਮੁਸਿ ਮੁਸਿ ਮਨੂਆ ਸਹਜਿ ਸਮਾਨਾ॥ ੪॥ ੪॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 1158)**

ਮੇਰੀਆਂ ਇਨ੍ਹਾਂ ਗੱਲਾਂ ਨੂੰ ਸੁਣ ਕੇ ਕੁਝ ਲੋਕ ਮੈਨੂੰ ਦੀਵਾਨਾ ਕਹਿਣਗੇ। ਪਰ ਇਨ੍ਹਾਂ ਗੱਲਾਂ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਮੈਂ ਹੌਲੀ ਹੌਲੀ ਅਡੋਲ ਅਵਸਥਾ ਵਿੱਚ ਟਿਕ ਰਿਹਾ ਹਾਂ।

## ਸ਼ਬਦ ਨੰਬਰ - 16

**ਭੈਰਉ ਬਾਣੀ ਕਬੀਰ ਜੀਉ ਘਰ ੧॥**

**ੴ ਸਤਿਗੁਰ ਪ੍ਰਸਾਦਿ॥**

**ਮਾਥੇ ਤਿਲਕੁ ਹਥਿ ਮਾਲਾ ਬਾਨਾਂ॥**
**ਲੋਗਨ ਰਾਮੁ ਖਿਲਉਨਾ ਜਾਨਾਂ॥ ੧॥**

ਕੁਝ ਲੋਕ ਮੱਥੇ ਤੇ ਤਿਲਕ ਲਗਾ ਕੇ ਹੱਥ ਵਿੱਚ ਮਾਲਾ ਫੜ ਕੇ ਧਾਰਮਿਕ ਭੇਖ ਬਣਾ ਕੇ ਇਹ ਸਮਝਦੇ ਹਨ ਕਿ ਉਹ ਆਮ ਲੋਕਾਂ ਨਾਲੋਂ ਪਰਮਾਤਮਾ ਦੇ ਵੱਡੇ ਭਗਤ ਹਨ। ਇਹੋ ਜਿਹੇ ਭੇਖਧਾਰੀ ਲੋਕਾਂ ਨੇ ਤਾਂ ਪਰਮਾਤਮਾ ਨੂੰ ਖਿਡਾਉਣਾ ਭਾਵ ਅਣਜਾਣ ਬਾਲਕ ਸਮਝਿਆ ਹੋਇਆ ਹੈ ਜੋ ਇਨ੍ਹਾਂ ਦੀਆਂ ਗੱਲਾਂ ਵਿੱਚ ਆਵੇਗਾ।

**ਜਉ ਹਉ ਬਉਰਾ ਤਉ ਰਾਮ ਤੋਰਾ॥**
**ਲੋਗੁ ਮਰਮੁ ਕਹ ਜਾਨੈ ਮੋਰਾ॥੧॥ ਰਹਾਉ॥**

ਸਤਿਗੁਰੂ ਕਬੀਰ ਜੀ ਫਰਮਾਉਂਦੇ ਹਨ ਕਿ ਲੋਕਾਂ ਨੂੰ ਪਤਾ ਹੈ ਕਿ ਮੈਂ ਪਰਮਾਤਮਾ ਦੀ ਬੰਦਗੀ ਤਾਂ ਕਰਦਾ ਹਾਂ ਪਰ ਮੈਂ ਕਿਸੇ ਮੰਦਰ ਮਸਜਿਦ ਵਿੱਚ ਨਹੀਂ ਜਾਂਦਾ ਹਾਂ ਅਤੇ ਕੋਈ ਇਹੋ ਜਿਹਾ ਧਾਰਮਿਕ ਭੇਖ ਵੀ ਨਹੀਂ ਬਣਾਉਂਦਾ। ਇਸ ਕਰਕੇ ਲੋਕ ਮੈਨੂੰ ਬਉਰਾ (ਪਾਗਲ) ਕਹਿੰਦੇ

ਹਨ ਪਰ ਹੇ ਪਰਮਾਤਮਾ ਮੈਂ ਤੇਰਾ ਸੇਵਕ ਹਾਂ। ਦੁਨੀਆਂ ਦੇ ਇਹ ਲੋਕ ਭਲਾ ਮੇਰੇ ਦਿਲ ਦੀਆਂ ਕੀ ਜਾਣ ਸਕਦੇ ਹਨ ?

**ਤੋਰਉ ਨ ਪਾਤੀ ਪੂਜਉ ਨ ਦੇਵਾ॥**
**ਰਾਮ ਭਗਤਿ ਬਿਨੁ ਨਿਹਫਲ ਸੇਵਾ॥ ੨॥**

ਮੈਂ ਮੰਦਰ ਵਿੱਚ ਮੂਰਤੀ ਨੂੰ ਚੜ੍ਹਾਉਣ ਵਾਸਤੇ ਫੁੱਲ ਅਤੇ ਪੱਤਰ ਆਦਿ ਨਹੀਂ ਤੋੜਦਾ ਅਤੇ ਨਾ ਹੀ ਕਿਸੇ ਦੇਵਤੇ ਦੀ ਪੂਜਾ ਕਰਦਾ ਹਾਂ। ਕਿਉਂਕਿ ਪ੍ਰਭ ਦੀ ਭਗਤੀ ਤੋਂ ਬਿਨਾਂ ਇਹ ਸਾਰੇ ਅਡੰਬਰ ਵਿਅਰਥ ਹਨ।

**ਸਤਿਗੁਰੁ ਪੂਜਉ ਸਦਾ ਸਦਾ ਮਨਾਵਉ॥**
**ਐਸੀ ਸੇਵ ਦਰਗਹ ਸੁਖੁ ਪਾਵਉ॥ ੩ ॥**

ਮੈਂ ਕੇਵਲ ਤੇ ਕੇਵਲ ਸਤਿਗੁਰੂ ਭਾਵ ਪਰਮਾਤਮਾ ਦੀ ਪੂਜਾ ਕਰਦਾ ਹਾਂ ਅਤੇ ਹਮੇਸਾ ਉਸ ਨੂੰ ਪ੍ਰਸੰਨ ਕਰਦਾ ਹਾਂ। ਇਸ ਸੇਵਾ ਨਾਲ ਪਰਮਾਤਮਾ ਦੀ ਹਜੂਰੀ ਵਿੱਚ ਜੁੜ ਕੇ ਸੁਖ ਮਾਣਦਾ ਹਾਂ।

**ਲੋਗੁ ਕਹੈ ਕਬੀਰੁ ਬਉਰਾਨਾ॥**
**ਕਬੀਰ ਕਾ ਮਰਮੁ ਰਾਮ ਪਹਿਚਾਨਾਂ॥ ੪॥ ੬॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਗ 1158)**

ਭੇਖਧਾਰੀ, ਪਖੰਡੀ ਅਤੇ ਅਨਜਾਣ ਲੋਕ ਕਹਿੰਦੇ ਹਨ ਕਿ ਕਬੀਰ ਪਾਗਲ ਹੋ ਗਿਆ ਹੈ। ਕਿਉਂਕਿ ਨਾ ਤਾਂ ਉਹ ਤਿਲਕ ਲਗਾਉਂਦਾ ਹੈ, ਨਾ ਹੱਥ ਵਿੱਚ ਮਾਲਾ ਫੜਦਾ ਹੈ, ਨਾ ਕੋਈ ਭੇਖ ਧਾਰਦਾ ਹੈ, ਨਾ ਫੁੱਲ ਪੱਤਰ ਤੋੜ ਕੇ ਮੰਦਰ ਵਿੱਚ ਮੂਰਤੀ ਦੀ ਪੂਜਾ ਕਰਦਾ ਹੈ ਤੇ ਨਾ ਹੀ ਦੇਵਤਿਆਂ ਦੀ ਪੂਜਾ ਕਰਦਾ ਹੈ। ਪ੍ਰੰਤੂ ਕਬੀਰ ਦਾ ਭੇਦ ਉਸਦਾ ਪਰਮਾਤਮਾ ਹੀ ਜਾਣਦਾ ਹੈ।

## ਸ਼ਬਦ ਨੰਬਰ - 17

### ਭੈਰਉ ਬਾਣੀ ਭਗਤਾ ਕੀ॥ ਕਬੀਰ ਜੀਉ ਘਰ ੧॥
### ੧ੴ ਸਤਿਗੁਰ ਪ੍ਰਸਾਦਿ॥

**ਉਲਟਿ ਜਾਤਿ ਕੁਲ ਦੋਊ ਬਿਸਾਰੀ॥**
**ਸੁੰਨ ਸਹਜ ਮਹਿ ਬੁਨਤ ਹਮਾਰੀ॥੧॥**

ਪਰਮਾਤਮਾ ਦੇ ਨਾਮ ਦੀ ਬਰਕਤ ਨਾਲ ਮੇਰਾ ਮਨ ਮਾਇਆ ਦੇ ਫੁਰਨਿਆਂ ਤੋਂ ਹਟ ਗਿਆ ਹੈ। ਮੈਂ ਆਪਣੀ ਜਾਤ ਅਤੇ ਆਪਣੀ ਕੁਲ ਦੋਹਾਂ ਦੇ ਵਖਰੇਵੇਂ ਨੂੰ ਵਿਸਾਰ ਦਿੱਤਾ ਹੈ। ਮੈਂ ਹੁਣ ਸਹਿਜ ਅਵਸਥਾ ਵਿੱਚ ਪ੍ਰਭ ਦੇ ਪ੍ਰੇਮ ਦੀ ਤਾਣੀ ਉਣ ਰਿਹਾ ਹਾਂ।

**ਹਮਰਾ ਝਗਰਾ ਰਹਾ ਨ ਕੋਊ॥**
**ਪੰਡਿਤ ਮੁਲਾਂ ਛਾਡੇ ਦੋਊ॥੧॥ ਰਹਾਉ॥**

ਮੈਂ ਪੰਡਿਤ ਅਤੇ ਮੁੱਲਾ ਦੋਹਾਂ ਦੇ ਵਿਚਾਰਾਂ ਨੂੰ ਛੱਡ ਦਿੱਤਾ ਹੈ। ਹੁਣ ਮੇਰਾ ਪੰਡਿਤ ਦੇ ਕਰਮ ਕਾਂਡਾਂ ਅਤੇ ਮੁੱਲਾਂ ਦੀ ਸ਼ਰਹ ਨਾਲ ਕੋਈ ਵਾਸਤਾ ਨਹੀਂ ਰਿਹਾ।

**ਬੁਨਿ ਬੁਨਿ ਆਪ ਆਪੁ ਪਹਿਰਾਵਉ॥**
**ਜਹ ਨਹੀ ਆਪੁ ਤਹਾ ਹੋਇ ਗਾਵਉ॥ ੨॥**

ਪ੍ਰਭ ਦੇ ਪ੍ਰੇਮ ਰੂਪੀ ਤਾਣੀ ਨੂੰ ਉਣ ਉਣ ਕੇ ਮੈਂ ਆਪ ਹੀ ਪਹਿਨ ਰਿਹਾ ਹਾਂ। ਮੈਂ ਮਨ ਦੀ ਉਸ ਅਵਸਥਾ 'ਤੇ ਪਹੁੰਚ ਕੇ ਪ੍ਰਭ ਦੀ ਸਿਫਤ ਸਲਾਹ ਕਰਦਾ ਹਾਂ, ਜਿੱਥੇ ਕੋਈ ਵੀ ਆਪਾ ਭਾਵ ਨਹੀਂ ਹੈ।

**ਪੰਡਿਤ ਮੁਲਾਂ ਜੋ ਲਿਖਿ ਦੀਆ॥**
**ਛਾਡਿ ਚਲੇ ਹਮ ਕਛੂ ਨ ਲੀਆ॥ ੩ ॥**

ਪੰਡਤਾਂ ਨੇ ਕਰਮਕਾਂਡਾਂ ਦੁਆਰਾ ਅਤੇ ਮੁੱਲਾਂ ਨੇ ਸ਼ਰਹ ਦੁਆਰਾ ਦੁਨੀਆ ਨੂੰ ਜੋ ਕੁਝ ਲਿਖ ਕੇ ਦਿੱਤਾ ਹੈ ਮੈਂ ਇਹ ਸਭ ਕੁਝ ਛੱਡ ਦਿੱਤਾ ਹੈ ਇਨ੍ਹਾਂ ਵਿੱਚੋਂ ਕੁਝ ਵੀ ਗ੍ਰਹਿਣ ਨਹੀ ਕੀਤਾ।

**ਰਿਦੈ ਇਖਲਾਸੁ ਨਿਰਖਿ ਲੇ ਮੀਰਾ॥**

**ਆਪੁ ਖੋਜਿ ਖੋਜਿ ਮਿਲੇ ਕਬੀਰਾ॥ ੪॥੭॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 1158-59)**

ਜੇਕਰ ਹਿਰਦੇ ਵਿੱਚ ਪਰਮਾਤਮਾ ਨਾਲ ਸੱਚਾ ਪ੍ਰੇਮ ਹੋਵੇ ਤਾਂ ਹੀ ਪਰਮਾਤਮਾ ਦੇ ਦਰਸ਼ਨ ਹੋ ਸਕਦੇ ਹਨ। ਸਤਿਗੁਰ ਕਬੀਰ ਜੀ ਮਨੁੱਖਤਾ ਨੂੰ ਸਮਝਾਉਂਦੇ ਹਨ ਕਿ ਜੋ ਲੋਕ ਵੀ ਪਰਮਾਤਮਾ ਨੂੰ ਮਿਲੇ ਹਨ ਉਹ ਆਪਾ ਖੋਜ ਖੋਜ ਕੇ ਹੀ ਮਿਲੇ ਹਨ। ਕਿਸੇ ਵੀ ਮਨੁੱਖ ਨੂੰ ਕਰਮਕਾਂਡਾਂ ਜਾਂ ਸ਼ਰਹ ਆਦਿ ਪੂਰੀਆਂ ਕਰਨ ਨਾਲ ਪਰਮਾਤਮਾ ਨਹੀਂ ਮਿਲਿਆ। ਜਿੰਨਿਆਂ ਨੂੰ ਵੀ ਪਰਮਾਤਮਾ ਮਿਲਿਆ ਹੈ, ਉਨ੍ਹਾਂ ਨੂੰ ਆਪਣੇ ਹਿਰਦੇ ਦੇ ਅੰਦਰ ਪਰਮਾਤਮਾ ਨਾਲ ਸੱਚਾ ਪ੍ਰੇਮ ਪਾ ਕੇ ਹੀ ਮਿਲਿਆ ਹੈ।

## ਸ਼ਬਦ ਨੰਬਰ - 18

**ਬਸੰਤ ਬਾਣੀ ਭਗਤਾਂ ਕੀ॥ ਕਬੀਰ ਜੀ॥**

**ਬਸੰਤੁ ਹਿੰਡੋਲੁ ਘਰ ੨॥**

**ੴ ਸਤਿਗੁਰ ਪ੍ਰਸਾਦਿ॥**

**ਮਾਤਾ ਜੂਠੀ ਪਿਤਾ ਭੀ ਜੂਠਾ**

**ਜੂਠੇ ਹੀ ਫਲ ਲਾਗੇ॥**

ਜਦੋਂ ਪੰਡਿਤ ਗੋਬਰ ਫੇਰ ਕੇ ਉੱਪਰ ਚੌਂਕੇ ਦੀਆਂ ਲਕੀਰਾਂ ਬਣਾ ਕੇ ਉਸ ਜਗ੍ਹਾ ਨੂੰ ਪਵਿੱਤਰ ਆਖਦਾ ਹੈ ਤਾਂ ਫਿਰ ਸਤਿਗੁਰੂ ਜੀ ਉਸਨੂੰ ਸਮਝਾਉਂਦੇ ਹਨ ਕਿ ਇਸ ਦੁਨੀਆ ਤੇ ਇਹੋ ਜਿਹਾ ਪਵਿੱਤਰ ਕੁਝ ਵੀ ਨਹੀਂ ਹੈ। ਮਾਂ ਵੀ ਅਪਵਿੱਤਰ ਹੈ ਬਾਪ ਵੀ ਅਪਵਿੱਤਰ ਹੈ ਜਿਹੜੇ ਬੱਚੇ ਜਨਮ ਲੈਂਦੇ ਹਨ ਉਹ ਵੀ ਅਪਵਿੱਤਰ ਹਨ।

**ਆਵਹਿ ਜੂਠੇ ਜਾਹਿ ਭੀ ਜੂਠੇ**
**ਜੂਠੇ ਮਰਹਿ ਅਭਾਗੇ ॥੧॥**

ਦੁਨੀਆ ਤੇ ਜਿੰਨੇ ਵੀ ਜੀਵ ਜਨਮ ਲੈਂਦੇ ਹਨ ਅਤੇ ਜੋ ਵੀ ਮਰਦੇ ਹਨ ਉਹ ਸਾਰੇ ਅਪਵਿੱਤਰ ਹਨ ਅਤੇ ਅਭਾਗੇ ਮਨੁੱਖ ਅਪਵਿੱਤਰਤਾ ਨਾਲ ਹੀ ਮਰ ਜਾਂਦੇ ਹਨ।

**ਕਹੁ ਪੰਡਿਤ ਸੂਚਾ ਕਵਨੁ ਠਾਉ ॥**
**ਜਹਾਂ ਬੈਸਿ ਹਉ ਭੋਜਨੁ ਖਾਉ ॥੧॥ ਰਹਾਉ ॥**

ਫਿਰ ਹੇ ਪੰਡਿਤ ਦੱਸ ਕਿਹੜੀ ਜਗ੍ਹਾ ਪਵਿੱਤਰ ਹੈ ਜਿੱਥੇ ਬੈਠ ਕੇ ਅਸੀਂ ਭੋਜਨ ਖਾ ਸਕਦੇ ਹਾਂ।

**ਜਿਹਬਾ ਜੂਠੀ ਬੋਲਤ ਜੂਠਾ**
**ਕਰਨ ਨੇਤ੍ਰ ਸਭਿ ਜੂਠੇ ॥**

ਬੋਲਣ ਵਾਲੇ ਮਨੁੱਖ ਦੀ ਜੀਭ ਵੀ ਅਪਵਿੱਤਰ ਹੈ, ਬੋਲ ਵੀ ਅਪਵਿੱਤਰ ਹਨ, ਸੁਣਨ ਵਾਲੇ ਕੰਨ ਅਤੇ ਦੇਖਣ ਵਾਲੀਆਂ ਅੱਖਾਂ ਸਭ ਅਪਵਿੱਤਰ ਹਨ।

**ਇੰਦ੍ਰੀ ਕੀ ਜੂਠਿ ਉਤਰਸਿ ਨਾਹੀ**
**ਬ੍ਰਹਮ ਅਗਨਿ ਕੇ ਲੂਠੇ ॥੨॥**

ਸਾਰਿਆਂ ਤੋਂ ਵੱਧ ਕਾਮ ਵਾਸ਼ਨਾ ਦੀ ਮੈਲ ਤਾਂ ਉਤਰਦੀ ਹੀ ਨਹੀਂ ਹੈ। ਬ੍ਰਾਹਮਣ ਪੁਣੇ ਦੇ ਹੰਕਾਰ ਦੀ ਅੱਗ ਵਿੱਚ ਸੜ ਰਹੇ ਪੰਡਿਤ, ਫਿਰ ਦਸ ਇੱਥੇ ਪਵਿੱਤਰ ਕਿਹੜੀ ਚੀਜ਼ ਹੈ।

**ਅਗਨਿ ਭੀ ਜੂਠੀ ਪਾਨੀ ਜੂਠਾ**

**ਜੂਠੀ ਬੈਸਿ ਪਕਾਇਆ॥**

ਇੱਥੇ ਅੱਗ ਵੀ ਅਪਵਿੱਤਰ ਹੈ, ਪਾਣੀ ਵੀ ਅਪਵਿੱਤਰ ਹੈ ਅਤੇ ਜਿਹੜੀ ਬੈਠ ਕੇ ਖਾਣਾ ਬਣਾਉਣ ਵਾਲੀ ਹੈ, ਉਹ ਵੀ ਅਪਵਿੱਤਰ ਹੈ।

**ਜੂਠੀ ਕਰਛੀ ਪਰੋਸਨ ਲਾਗਾ**

**ਜੂਠੇ ਹੀ ਬੈਠਿ ਖਾਇਆ॥ ੩॥**

ਜਿਹੜੀ ਕੜਛੀ ਨਾਲ ਖਾਣਾ ਪਰੋਸਿਆ ਜਾਂਦਾ ਹੈ ਉਹ ਵੀ ਅਪਵਿੱਤਰ ਹੈ ਅਤੇ ਖਾਣਾ ਪਰੋਸਣ ਵਾਲਾ ਵੀ ਅਪਵਿੱਤਰ ਹੈ ਅਤੇ ਅਪਵਿੱਤਰ ਮਨੁੱਖ ਹੀ ਬੈਠ ਕੇ ਖਾਣਾ ਖਾਂਦਾ ਹੈ।

**ਗੋਬਰੁ ਜੂਠਾ ਚਉਕਾ ਜੂਠਾ**

**ਜੂਠੀ ਦੀਨੀ ਕਾਰਾ॥**

ਗੋਬਰ ਜਿਸ ਨਾਲ ਚੌਂਕਾ ਪੂਰਿਆ ਜਾਂਦਾ ਹੈ ਵੀ ਅਪਵਿੱਤਰ ਹੈ। ਚੌਂਕਾ ਵੀ ਅਪਵਿੱਤਰ ਹੈ ਅਤੇ ਚੌਂਕਾ ਪੂਰਨ ਲਈ ਆਲੇ-ਦੁਆਲੇ ਲਗਾਈਆਂ ਲਕੀਰਾਂ ਵੀ ਅਪਵਿੱਤਰ ਹਨ।

**ਕਹਿ ਕਬੀਰ ਤੇਈ ਨਰ ਸੂਚੇ**

**ਸਾਚੀ ਪਰੀ ਬਿਚਾਰਾ॥ ੪॥੧॥੭॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 1195)**

ਇਸ ਪਾਵਨ ਸ਼ਬਦ ਦੇ ਅੰਤ ਵਿੱਚ ਸਤਿਗੁਰੂ ਕਬੀਰ ਜੀ ਆਪਣਾ ਮੱਤ ਦਿੰਦੇ ਸਮਝਾਉਂਦੇ ਹਨ ਕਿ ਕੇਵਲ ਉਹੀ ਇਨਸਾਨ ਪਵਿੱਤਰ ਹਨ ਜਿਨ੍ਹਾਂ ਨੂੰ ਪਰਮਾਤਮਾ ਦੇ ਗਿਆਨ ਦੀ ਸੂਝ ਪੈ ਗਈ ਹੈ।

## ਸ਼ਬਦ ਨੰਬਰ - 19

**ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ॥**

**ੴ ਸਤਿਗੁਰ ਪ੍ਰਸਾਦਿ॥**

**ਪ੍ਰਭਾਤੀ॥**

**ਅਲਹੁ ਏਕੁ ਮਸੀਤਿ ਬਸਤੁ ਹੈ**
**ਅਵਰੁ ਮੁਲਖੁ ਕਿਸੁ ਕੇਰਾ॥**
**ਹਿੰਦੂ ਮੂਰਤਿ ਨਾਮ ਨਿਵਾਸੀ**
**ਦੁਹ ਮਹਿ ਤਤੁ ਨ ਹੇਰਾ॥੧॥**

ਜੇਕਰ ਅੱਲਾ ਇਕ ਮਸੀਤ ਵਿਚ ਹੀ ਵਸਦਾ ਹੈ ਤਾਂ ਬਾਕੀ ਦਾ ਸੰਸਾਰ ਕਿਸ ਦਾ ਕਿਹਾ ਜਾਵੇ ਇਸੇ ਤਰ੍ਹਾਂ ਹਿੰਦੂ ਪ੍ਰਮਾਤਮਾ ਦਾ ਨਿਵਾਸ ਮੂਰਤੀ ਵਿਚ ਸਮਝਦਾ ਹੈ, ਪਰ ਅਸਲੀਅਤ ਤਾਂ ਇਹ ਹੈ ਕਿ ਦੋਹਾਂ ਨੇ ਪ੍ਰਮਾਤਮਾ ਨੂੰ ਸਮਝਿਆ ਨਹੀਂ।

**ਅਲਹ ਰਾਮ ਜੀਵਉ ਤੇਰੇ ਨਾਈ॥**
**ਤੂ ਕਰਿ ਮਿਹਰਾਮਤਿ ਸਾਈ॥੧॥ ਰਹਾਉ॥**

ਹੇ ਅੱਲਾ, ਹੇ ਰਾਮ ਤੂੰ ਇਕ ਹੀ ਹੈਂ। ਸੋ ਹੇ ਮੇਰੇ ਸਾਈਂ, ਤੂੰ ਮੇਰੇ ਉਤੇ ਇਹ ਮਿਹਰ ਕਰ ਕਿ ਮੈਂ ਤੇਰੇ ਨਾਮ ਨੂੰ ਸਿਮਰ ਸਿਮਰ ਕੇ ਆਪਣਾ

ਜੀਵਨ ਬਤੀਤ ਕਰਾਂ।

**ਦਖਨ ਦੇਸਿ ਹਰੀ ਕਾ ਬਾਸਾ**

**ਪਛਿਮਿ ਅਲਹ ਮੁਕਾਮਾ॥**

**ਦਿਲ ਮਹਿ ਖੋਜਿ ਦਿਲੈ ਦਿਲਿ ਖੋਜਹੁ**

**ਏਹੀ ਠਉਰ ਮੁਕਾਮਾ॥੨॥**

ਬਨਾਰਸ ਵਿਚ ਬੈਠਾ ਹਿੰਦੂ ਆਖ ਰਿਹਾ ਹੈ ਕਿ ਹਰੀ ਦਾ ਨਿਵਾਸ ਦੱਖਣ ਵੱਲ ਹੈ ਅਤੇ ਮੁਸਲਮਾਨ ਆਖ ਰਿਹਾ ਹੈ ਕਿ ਖ਼ੁਦਾ ਦਾ ਘਰ ਪੱਛਮ ਵੱਲ ਹੈ। ਪਰ ਹੇ ਭਾਈ ਜੇਕਰ ਤੂੰ ਰੱਬ ਜਾਂ ਖ਼ੁਦਾ ਨੂੰ ਲੱਭਣਾ ਹੈ ਤਾਂ ਉਸ ਨੂੰ ਆਪਣੇ ਦਿਲ ਵਿਚੋਂ ਹੀ ਲੱਭੋ ਉੱਥੇ ਹੀ ਉਸ ਦੀ ਪੱਕੀ ਥਾਂ ਹੈ।

**ਬ੍ਰਹਮਨ ਗਿਆਸ ਕਰਹਿ ਚਉਬੀਸਾ**

**ਕਾਜੀ ਮਹ ਰਮਜਾਨਾ॥**

**ਗਿਆਰਹ ਮਾਸ ਪਾਸ ਕੈ ਰਾਖੇ**

**ਏਕੈ ਮਾਹਿ ਨਿਧਾਨਾ॥੩॥**

ਬ੍ਰਾਹਮਣ ਉਪਦੇਸ਼ ਦਿੰਦਾ ਹੈ ਕਿ ਚੌਵੀ ਇਕਾਦਸ਼ੀਆਂ ਦੇ ਵਰਤ ਰੱਖੋ। ਕਾਜ਼ੀ ਰਮਜ਼ਾਨ ਦੇ ਮਹੀਨੇ ਰੋਜੇ ਰੱਖਣ ਦਾ ਉਪਦੇਸ਼ ਦਿੰਦਾ ਹੈ। ਇਹ ਧਾਰਮਿਕ ਆਗੂ ਸਾਲ ਦੇ ਬਾਕੀ ਗਿਆਰਾਂ ਮਹੀਨਿਆਂ ਨੂੰ ਇਕ ਪਾਸੇ ਹੀ ਰੱਖ ਦਿੰਦੇ ਹਨ ਅਤੇ ਕੇਵਲ ਇਕ ਮਹੀਨੇ ਦਾ ਆਸਰਾ ਤੱਕਦੇ ਹਨ।

**ਕਹਾ ਉਡੀਸੇ ਮਜਨੁ ਕੀਆ**

**ਕਿਆ ਮਸੀਤਿ ਸਿਰੁ ਨਾਂਏਂ॥**

**ਦਿਲ ਮਹਿ ਕਪਟੁ ਨਿਵਾਜ ਗੁਜਾਰੈ**
**ਕਿਆ ਹਜ ਕਾਬੈ ਜਾਂਏਂ ॥੪॥**

ਜੇਕਰ ਦਿਲ ਵਿਚ ਝੂਠ ਫਰੇਬ ਹੈ ਤਾਂ ਜਗਨਨਾਥ ਪੁਰੀ (ਉਡੀਸੇ) ਵਿਚ ਇਸ਼ਨਾਨ ਕਰਨ ਅਤੇ ਮਸੀਤ ਵਿਚ ਜਾ ਕੇ ਸਿਰ ਨਿਵਾਉਣ ਦਾ ਕੋਈ ਲਾਭ ਨਹੀਂ। ਇਸ ਤਰ੍ਹਾਂ ਨਮਾਜ ਪੜ੍ਹਨ ਅਤੇ ਕਾਅਬੇ ਜਾਣ ਦਾ ਕੋਈ ਲਾਭ ਨਹੀਂ, ਜੇਕਰ ਦਿਲ ਵਿਚ ਝੂਠ, ਫਰੇਬ ਅਤੇ ਧੋਖਾ ਹੈ।

**ਏਤੇ ਅਉਰਤ ਮਰਦਾ ਸਾਜੇ**
**ਏ ਸਭ ਰੂਪ ਤੁਮ੍ਾਰੇ ॥**
**ਕਬੀਰੁ ਪੂੰਗਰਾ ਰਾਮ ਅਲਹ ਕਾ**
**ਸਭ ਗੁਰ ਪੀਰ ਹਮਾਰੇ ॥੫॥**

ਹੇ ਪ੍ਰਭ ! ਇਹ ਸਾਰੇ ਜਿੰਨੇ ਵੀ ਔਰਤ, ਮਰਦ ਤੂੰ ਪੈਦਾ ਕੀਤੇ ਹਨ ਇਹ ਸਾਰੇ ਤੇਰਾ ਹੀ ਰੂਪ ਹਨ। ਹੇ ਰਾਮ ! ਹੇ ਅੱਲਾ ! ਮੈਂ ਤੇਰਾ ਅਣਜਾਣ ਬੱਚਾ ਹਾਂ। ਤੇਰੇ ਭੇਜੇ ਹੋਏ ਸਾਰੇ ਗੁਰੂ ਅਤੇ ਪੀਰ (ਜਿਨ੍ਹਾਂ ਸੰਤ ਮਹਾਂਪੁਰਖਾਂ ਨੇ ਪ੍ਰਭ ਨੂੰ ਪਾ ਲਿਆ ਹੈ) ਸਾਰੇ ਮੈਨੂੰ ਆਪਣੇ ਦਿਸਦੇ ਹਨ।

**ਕਹਤੁ ਕਬੀਰੁ ਸੁਨਹੁ ਨਰ ਨਰਵੈ**
**ਪਰਹੁ ਏਕ ਕੀ ਸਰਨਾ ॥**
**ਕੇਵਲ ਨਾਮੁ ਜਪਹੁ ਰੇ ਪ੍ਰਾਨੀ**
**ਤਬ ਹੀ ਨਿਹਚੈ ਤਰਨਾ ॥੬॥੨॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ - 1349)**

ਸਤਿਗੁਰੂ ਕਬੀਰ ਜੀ ਸਮਝਾਉਂਦੇ ਹਨ ਕਿ ਹੇ ਨਰ ਅਤੇ ਨਾਰੀਓ ਮੇਰੀ ਗੱਲ ਨੂੰ ਸੁਣੋ ਅਤੇ ਸਮਝੋ ਕਿ ਕੇਵਲ ਇਕ ਪਰਮਾਤਮਾ ਦੀ ਸ਼ਰਨ

ਪਵੋ। ਉਹੀ ਰਾਮ ਹੈ ਅਤੇ ਉਹੀ ਅੱਲਾ ਹੈ। ਕੇਵਲ ਉਸ ਪ੍ਰਮਾਤਮਾ ਦਾ ਨਾਮ ਜਪੋ ਨਿਸ਼ਚਿਤ ਰੂਪ ਵਿਚ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਵੋਗੇ।

## ਸ਼ਬਦ ਨੰਬਰ - 20

### ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ॥

### ੧ੴ ਸਤਿਗੁਰ ਪ੍ਰਸਾਦਿ॥

### ਪ੍ਰਭਾਤੀ॥

**ਅਵਲਿ ਅਲਹ ਨੂਰੁ ਉਪਾਇਆ**
**ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ**
**ਕਉਨ ਭਲੇ ਕੋ ਮੰਦੇ॥੧॥**

ਮੁੱਢ ਕਦੀਮ ਤੋਂ ਸਾਰਾ ਸੰਸਾਰ ਉਸ ਖ਼ੁਦਾ ਦੇ ਨੂਰ ਤੋਂ ਪੈਦਾ ਹੋਇਆ ਹੈ। ਸੋ ਸਾਰੇ ਮਨੁੱਖ ਉਸ ਖ਼ੁਦਾ ਦੇ ਹੀ ਜੀਵ ਹਨ। ਹੁਣ ਜਦ ਸਾਰਾ ਜਗਤ ਹੀ ਉਸ ਇਕ ਖ਼ੁਦਾ ਦੇ ਨੂਰ ਤੋਂ ਪੈਦਾ ਹੋਇਆ ਹੈ ਫਿਰ ਇਕ ਜੀਵ ਚੰਗਾ ਦੂਸਰਾ ਜੀਵ ਮੰਦਾ ਕਿਵੇਂ ਹੋ ਸਕਦਾ ਹੈ? ਭਾਵ ਜਾਤ-ਧਰਮ, ਰੰਗ-ਨਸਲ ਦਾ ਵਖਰੇਵਾਂ ਮਨੁੱਖ ਦਾ ਪੈਦਾ ਕੀਤਾ ਹੋਇਆ ਹੈ। ਸਭ ਮਨੁੱਖ ਇਕੋ ਜਿਹੇ ਹਨ ਤੇ ਸਾਰਿਆਂ ਵਿਚ ਉਸ ਪ੍ਰਭ ਦੀ ਹੀ ਜੋਤ ਵਿਚਰ ਰਹੀ ਹੈ।

**ਲੋਗਾ ਭਰਮਿ ਨ ਭੂਲਹੁ ਭਾਈ॥**
**ਖਾਲਿਕੁ ਖਲਕ ਖਲਕ ਮਹਿ ਖਾਲਿਕੁ**

**ਪੂਰਿ ਰਹਿਓ ਸ੍ਰਬ ਠਾਂਈ॥੧॥ ਰਹਾਉ॥**

ਹੇ ਭਾਈ! ਲੋਕਾਂ ਦੁਆਰਾ ਪ੍ਰਮਾਤਮਾ ਦੀ ਹਸਤੀ ਵਾਰੇ ਪੈਦਾ ਕੀਤੇ ਭਰਮ-ਭੁਲੇਖੇ ਵਿਚ ਪੈ ਕੇ ਖੁਆਰ ਨਾ ਹੋਵੋ। ਮੈਂ ਇਹ ਗੱਲ ਸਮਝਾ ਦਿਆਂ ਕਿ ਇਕੋ ਇਕ ਰੱਬ ਹੀ ਦੁਨੀਆਂ ਨੂੰ ਪੈਦਾ ਕਰਨ ਵਾਲਾ ਹੈ ਅਤੇ ਉਹ ਦੁਨੀਆਂ ਨੂੰ ਪੈਦਾ ਕਰਨ ਤੋਂ ਬਾਦ ਫਿਰ ਇਸ ਦੁਨੀਆਂ ਵਿਚ ਮੌਜੂਦ ਹੈ। ਉਹ ਰੱਬ ਦੁਨੀਆਂ ਦੇ ਜ਼ਰੇ-ਜ਼ਰੇ ਵਿਚ ਭਰਪੂਰ ਹੈ, ਸਮਾਇਆ ਹੋਇਆ ਹੈ।

**ਮਾਟੀ ਏਕ ਅਨੇਕ ਭਾਂਤਿ ਕਰਿ**
**ਸਾਜੀ ਸਾਜਨਹਾਰੈ॥**
**ਨਾ ਕਛੁ ਪੋਚ ਮਾਟੀ ਕੇ ਭਾਂਡੇ**
**ਨਾ ਕਛੁ ਪੋਚ ਕੁੰਭਾਰੈ॥ ੨॥**

ਇਸ ਦੁਨੀਆਂ ਦੀ ਸਾਜਨਾ ਕਰਨ ਵਾਲੇ ਸਿਰਜਨਹਾਰ ਨੇ ਅਨੇਕ ਕਿਸਮਾਂ ਦੇ ਜੀਵ (ਸਮੇਤ ਮਨੁੱਖ) ਪੈਦਾ ਕੀਤੇ ਹਨ ਪਰ ਇਨ੍ਹਾਂ ਜੀਵਾਂ ਨੂੰ ਪੈਦਾ ਕਰਨ ਵਾਸਤੇ ਇਕੋ ਹੀ ਮਿੱਟੀ ਭਾਵ ਇਕੋ ਜਿਹੇ ਤੱਤਾਂ ਦੀ ਵਰਤੋਂ ਕੀਤੀ ਹੈ। ਨਾ ਤਾਂ ਇਨ੍ਹਾਂ ਮਿੱਟੀ ਦੇ ਭਾਡਿਆਂ ਭਾਵ ਜੀਵਾਂ ਵਿਚ ਕੋਈ ਊਣਤਾ ਹੈ ਅਤੇ ਨਾ ਹੀ ਇਨ੍ਹਾਂ ਭਾਂਡਿਆਂ ਨੂੰ ਬਨਾਉਣ ਵਾਲੇ ਘੁਮਿਆਰ ਭਾਵ ਪਰਮਾਤਮਾ ਵਿਚ ਕੋਈ ਘਾਟ ਹੈ।

**ਸਭ ਮਹਿ ਸਚਾ ਏਕੋ ਸੋਈ**
**ਤਿਸ ਕਾ ਕੀਆ ਸਭੁ ਕਛੁ ਹੋਈ॥**
**ਹੁਕਮੁ ਪਛਾਨੈ ਸੁ ਏਕੋ ਜਾਨੈ**
**ਬੰਦਾ ਕਹੀਐ ਸੋਈ॥ ੩॥**

ਸਾਰਿਆਂ ਜੀਵਾਂ ਵਿਚ ਸਦਾ ਕਾਇਮ ਰਹਿਣ ਵਾਲਾ ਪ੍ਰਭ ਵਸਦਾ ਹੈ। ਸੰਸਾਰ ਵਿਚ ਸਭ ਉਸ ਦਾ ਕੀਤਾ ਹੀ ਸਭ ਕੁਝ ਹੋ ਰਿਹਾ ਹੈ। ਜਿਹੜਾ ਮਨੁੱਖ ਉਸ ਪਰਮਾਤਮਾ ਦਾ ਹੁਕਮ ਨੂੰ ਪਛਾਣਦਾ ਹੈ ਅਤੇ ਇਕੋ ਪਰਮਾਤਮਾ ਨੂੰ ਹੀ ਆਪਣਾ ਬਣਾਉਂਦਾ ਹੈ, ਅਸਲ ਵਿਚ ਉਹੀ ਰੱਬ ਦਾ ਬੰਦਾ ਹੈ।

**ਅਲਹੁ ਅਲਖੁ ਨ ਜਾਈ ਲਖਿਆ**
**ਗੁਰਿ ਗੁੜੁ ਦੀਨਾ ਮੀਠਾ॥**
**ਕਹਿ ਕਬੀਰ ਮੇਰੀ ਸੰਕਾ ਨਾਸੀ**
**ਸਰਬ ਨਿਰੰਜਨੁ ਡੀਠਾ॥ ੪॥ ੩॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ 1349-50)**

ਜਿਵੇਂ ਉਸ ਅੱਲਾ ਦੇ ਬੇਅੰਤ ਗੁਣਾ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ ਉਸੇ ਤਰ੍ਹਾਂ ਉਸ ਬ੍ਰਹਮ ਗੁਰੂ ਨੇ ਜਿਹੜਾ ਬ੍ਰਹਮ ਦਾ ਗਿਆਨ ਰੂਪੀ ਮਿੱਠਾ ਗੁੜ ਮੈਨੂੰ ਦਿੱਤਾ ਹੈ ਉਸ ਦੀ ਮਿਠਾਸ ਨੂੰ ਮੈਂ ਬਿਆਨ ਨਹੀਂ ਕਰ ਸਕਦਾ। ਸਤਿਗੁਰੂ ਕਬੀਰ ਜੀ ਫੁਰਮਾਉਂਦੇ ਹਨ ਕਿ ਉਸ ਪ੍ਰਭ ਦੇ ਗਿਆਨ ਨੇ ਮੇਰੇ ਸਾਰੇ ਸ਼ੰਕਿਆਂ ਨੂੰ ਦੂਰ ਕਰ ਦਿੱਤਾ ਹੈ ਅਤੇ ਮੈਂ ਉਸ ਮਾਇਆ ਤੋਂ ਨਿਰਲੇਪ ਪ੍ਰਭ ਨੂੰ ਸਭ ਥਾਂਈ ਵੇਖ ਲਿਆ ਹੈ।

## ਸ਼ਬਦ ਨੰਬਰ - 21

### ਬਿਭਾਸ ਪ੍ਰਭਾਤੀ ਬਾਣੀ ਭਗਤ ਕਬੀਰ ਜੀ ਕੀ॥
### ੧ਓ ਸਤਿਗੁਰ ਪ੍ਰਸਾਦਿ॥
### ਪ੍ਰਭਾਤੀ॥

**ਸੁੰਨ ਸੰਧਿਆ ਤੇਰੀ ਦੇਵ ਦੇਵਾਕਰ**
**ਅਧਪਤਿ ਆਦਿ ਸਮਾਈ॥**

ਲੋਕ ਕਈ ਤਰੀਕਿਆਂ ਨਾਲ ਤੇਰੀ ਆਰਤੀ ਕਰਦੇ ਹਨ ਪਰ ਹੇ ਦੇਵ, ਹੇ ਦੇਵਾਕਰ, ਹੇ ਮਾਲਕ, ਹੇ ਸਰਬ ਵਿਆਪਕ ਪ੍ਰਭ, ਆਪਣੇ ਮਨ ਨੂੰ ਮਾਇਆ ਦੇ ਫੁਰਨਿਆਂ ਤੋਂ ਦੂਰ ਰੱਖਣਾ ਹੀ ਤੇਰੀ ਅਸਲ ਆਰਤੀ ਹੈ।

**ਸਿਧ ਸਮਾਧਿ ਅੰਤੁ ਨਹੀ ਪਾਇਆ**
**ਲਾਗਿ ਰਹੇ ਸਰਨਾਈ॥੧॥**

ਜੋਗ ਅਭਿਆਸ ਵਿਚ ਨਿਪੁੰਨ ਜੋਗੀ ਅਨੇਕਾਂ ਸਮਾਧੀਆਂ ਲਗਾ ਕੇ ਵੀ ਤੇਰਾ ਅੰਤ ਨਹੀਂ ਪਾ ਸਕੇ, ਉਨ੍ਹਾਂ ਨੂੰ ਆਖ਼ਿਰ ਤੇਰੀ ਸ਼ਰਨ ਵਿਚ ਆਉਣਾ ਪਿਆ।

**ਲੇਹੁ ਆਰਤੀ ਹੋ ਪੁਰਖ ਨਿਰੰਜਨ**
**ਸਤਿਗੁਰ ਪੂਜਹੁ ਭਾਈ॥**
**ਠਾਢਾ ਬ੍ਰਹਮਾ ਨਿਗਮ ਬੀਚਾਰੈ**
**ਅਲਖੁ ਨ ਲਖਿਆ ਜਾਈ॥੧॥ ਰਹਾਉ॥**

ਹੇ ਭਾਈ! ਗੁਰੂ ਦੇ ਦਰਸਾਏ ਮਾਰਗ ਉੱਤੇ ਚਲ ਕੇ ਉਸ ਆਕਾਰ

ਰਹਿਤ ਪਰਮਾਤਮਾ ਦੀ ਆਰਤੀ ਹੀ ਕਰੋ ਭਾਵ ਪ੍ਰਭ ਦਾ ਸਿਮਰਨ ਕਰੋ ਬ੍ਰਹਮਾ ਵੀ ਉਸੇ ਦੇ ਦਰ ਉੱਤੇ ਖੜ੍ਹਾ ਵੇਦਾਂ ਦੀ ਵਿਚਾਰ ਕਰ ਰਿਹਾ ਹੈ। ਪ੍ਰੰਤੂ ਉਸ ਬੇਅੰਤ ਗੁਣਾ ਵਾਲੇ ਪ੍ਰਭ ਦਾ ਕੋਈ ਚਿਹਨ ਚੱਕਰ ਨਹੀਂ।

**ਤਤੁ ਤੇਲੁ ਨਾਮੁ ਕੀਆ ਬਾਤੀ**
**ਦੀਪਕੁ ਦੇਹ ਉਜ੍ਯਾਰਾ॥**
**ਜੋਤ ਲਾਇ ਜਗਦੀਸ ਜਗਾਇਆ**
**ਬੂਝੈ ਬੂਝਨਹਾਰਾ॥੨॥**

ਕੋਈ ਵਿਰਲਾ ਗਿਆਨਵਾਨ ਹੀ ਪ੍ਰਭ ਦੀ ਸੱਚੀ ਆਰਤੀ ਦਾ ਭੇਦ ਸਮਝ ਸਕਦਾ ਹੈ। ਜਿਸ ਨੇ ਇਹ ਭੇਦ ਸਮਝ ਲਿਆ ਹੈ ਉਸ ਨੇ ਆਰਤੀ ਲਈ ਗਿਆਨ ਰੂਪੀ ਤੇਲ, ਨਾਮ ਰੂਪੀ ਬੱਤੀ ਦਾ ਆਪਣੀ ਦੇਹੀ ਅੰਦਰ ਦੀਵਾ ਜਗਾ ਕੇ ਚਾਨਣ ਕੀਤਾ ਹੈ।

**ਪੰਚੇ ਸਬਦ ਅਨਾਹਦ ਬਾਜੇ**
**ਸੰਗੇ ਸਾਰਿੰਗਪਾਨੀ॥**
**ਕਬੀਰ ਦਾਸ ਤੇਰੀ ਆਰਤੀ ਕੀਨੀ**
**ਨਿਰੰਕਾਰ ਨਿਰਬਾਨੀ॥੩॥੫॥**

**(ਸ੍ਰੀ ਗੁਰੂ ਗ੍ਰੰਥ ਸਾਹਿਬ ਅੰਗ** -1350)

ਹੇ ਨਿਰੰਕਾਰ ਪ੍ਰਭ, ਹੇ ਸਾਰਿੰਗਪਾਨ ਪ੍ਰਭ, ਤੇਰੇ ਦਾਸ ਕਬੀਰ ਨੇ ਇਹੀ ਆਰਤੀ ਕੀਤੀ ਹੈ ਜਿਸ ਦੀ ਬਰਕਤ ਨਾਲ ਤੂੰ ਹਮੇਸ਼ਾਂ ਮੇਰੇ ਅੰਗ-ਸੰਗ ਹੈਂ ਅਤੇ ਮੇਰੇ ਹਿਰਦੇ ਵਿਚ ਐਨਾ ਆਨੰਦ ਹੈ ਕਿ ਜਿਵੇਂ ਪੰਜ ਕਿਸਮਾਂ ਦੇ ਸਾਜ ਮੇਰੇ ਅੰਦਰ ਵੱਜ ਰਹੇ ਹੋਣ।

**—ਸੰਪੰਨ—**

## ਸੰਸਥਾ ਨੂੰ ਸਹਿਯੋਗ ਦੀ ਬੇਨਤੀ

ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਲਈ ਕੀਤੇ ਜਾਂਦੇ ਸਾਰੇ ਕਾਰਜ ਸੰਸਥਾ ਦੇ ਮੈਂਬਰਾਂ ਦੇ ਸਾਲਾਨਾ ਚੰਦੇ, ਕੌਮੀ ਦਰਦਮੰਦਾਂ ਅਤੇ ਗੁਰੂ ਮਿਸ਼ਨ ਪ੍ਰੇਮੀਆਂ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹਦੇ ਹਨ। ਸੰਸਥਾ ਦੇ ਬਹੁਤ ਸਾਰੇ ਅਜਿਹੇ ਕਾਰਜ ਅਜੇ ਅਧੂਰੇ ਪਏ ਹਨ।

ਸੋ, ਆਪ ਸਭ ਨੂੰ ਪੁਰਜ਼ੋਰ ਬੇਨਤੀ ਹੈ ਕਿ ਸੰਸਥਾ ਨੂੰ ਵੱਧ ਤੋਂ ਵੱਧ ਆਰਥਿਕ ਮੱਦਦ ਦਿਓ ਤਾਂ ਕਿ ਗੁਰੂ ਸਾਹਿਬ ਦੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਇਆ ਜਾ ਸਕੇ। ਆਰਥਿਕ ਮੱਦਦ ਤੁਸੀਂ ਗੂਗਲ ਪੇਅ, ਚੈੱਕ, ਬੈਂਕ ਡਰਾਫਟ ਜਾਂ ਸੰਸਥਾ ਦੇ ਖਾਤੇ ਵਿਚ ਪਾ ਸਕਦੇ ਹੋ। ਸੰਸਥਾ ਦੇ ਬੈਂਕ ਅਕਾਊਂਟ ਦਾ ਵੇਰਵਾ ਇਸ ਤਰ੍ਹਾਂ ਹੈ :-

**SRI GURU RAVIDASS MISSION**
**PARCHAR SANSTHA PUNJAB (Regd.)**
**V.P.O. BINPALKE, VIA. BHOGPUR,**
**DISTT. JAL.**
**ACCOUNT NO. 32717505525**
**SBI BANK, BHOGPUR**
**IFS Code No. SBIN0010122**



# ਸਤਿਗੁਰੂ ਕਬੀਰ ਮੱਠ

*(ਵਾਰਾਣਸੀ ਉੱਤਰ ਪ੍ਰਦੇਸ਼)*

**ਗੁਰੂ ਸਾਹਿਬਾਨਾਂ ਦੀ ਬਾਣੀ ਦੀ ਵਿਆਖਿਆ, ਵਿਚਾਰਧਾਰਾ, ਜੀਵਨ ਅਤੇ ਇਤਿਹਾਸ ਪੰਜਾਬੀ ਅਤੇ ਹਿੰਦੀ ਵਿਚ ਪੜ੍ਹਨ ਲਈ visit us www.begumpuramission.com**

**PDF Is also available on the website**